ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ




VOL-13 ISSUE 2450 | 30 April, 2026 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260




# 2026 ਦੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਅਮਰੀਕੀ ਰਾਜਨੀਤੀ 'ਚ ਹੋਰ ਰਹੀ ਵੱਡੀ ਹਲਚਲ, 66 ਮੈਂਬਰਾਂ ਵੱਲੋਂ ਚੋਣ ਨਾ ਲੜਨ ਦਾ ਐਲਾਨ


**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਰਾਜਨੀਤੀ ਵਿਚ 2026 ਦੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਤਾਜ਼ਾ ਰਿਪੋਰਟ ਮੁਤਾਬਕ ਅਮਰੀਕੀ ਕਾਂਗਰਸ ਦੇ ਕੁੱਲ 66 ਮੈਂਬਰਾਂ ਨੇ ਐਲਾਨ ਕੀਤਾ ਹੈ ਕਿ ਉਹ ਅਗਲੀ ਚੋਣ ਵਿਚ ਮੁੜ ਮੈਦਾਨ ਵਿਚ ਨਹੀਂ ਉਤਰਣਗੇ। ਇਨ੍ਹਾਂ ਵਿਚ 55 ਮੈਂਬਰ ਹਾਊਸ ਆਫ ਰਿਪ੍ਰਿਜ਼ੈਂਟੇਟਿਵਜ਼ ਦੇ ਹਨ, ਜਦਕਿ 11 ਮੈਂਬਰ ਸੈਨੇਟ ਨਾਲ ਸੰਬੰਧਤ ਹਨ।

ਇਸ ਫੈਸਲੇ ਨੇ ਦੋਵਾਂ ਵੱਡੀਆਂ ਪਾਰਟੀਆਂ ਡੈਮੋਕ੍ਰੈਟਿਕ ਅਤੇ ਰਿਪਬਲਿਕਨ ਵਿਚ ਚਿੰਤਾ ਅਤੇ ਨਵੀਆਂ ਰਣਨੀਤੀਆਂ ਦੀ ਲਹਿਰ ਪੈਦਾ ਕਰ ਦਿੱਤੀ ਹੈ। ਰਿਪੋਰਟ ਅਨੁਸਾਰ ਹਾਊਸ ਦੇ 55 ਮੈਂਬਰਾਂ ਵਿਚੋਂ 20 ਡੈਮੋਕ੍ਰੈਟ ਅਤੇ 35 ਰਿਪਬਲਿਕਨ ਹਨ, ਜੋ ਮੁੜ ਚੋਣ ਨਹੀਂ ਲੜਣਗੇ। ਇਨ੍ਹਾਂ ਵਿਚੋਂ ਕਈ ਸਿਆਸਤ ਤੋਂ ਸੰਨਿਆਸ ਲੈ ਰਹੇ ਹਨ, ਕੁਝ ਸੈਨੇਟ ਲਈ ਚੋਣ ਲੜਣ ਦੀ ਤਿਆਰੀ ਵਿਚ ਹਨ ਅਤੇ ਕਈ ਗਵਰਨਰ ਵਰਗੇ ਰਾਜ ਪੱਧਰੀ ਅਹੁਦਿਆਂ ਲਈ ਦਾਅਵੇਦਾਰ ਬਣ ਰਹੇ ਹਨ। ਇਸ ਨਾਲ ਕਈ ਮਹੱਤਵਪੂਰਨ ਹਲਕਿਆਂ ਵਿਚ ਨਵੇਂ ਚਿਹਰਿਆਂ ਲਈ ਦਰਵਾਜ਼ੇ ਖੁੱਲ੍ਹ ਗਏ ਹਨ। ਸੈਨੇਟ ਵਿਚ ਵੀ 11 ਮੈਂਬਰਾਂ ਦੇ ਹਟਣ ਨਾਲ ਸਿਆਸੀ ਸਮੀਕਰਨ ਬਦਲ ਸਕਦੇ ਹਨ। ਇਨ੍ਹਾਂ ਵਿਚ 4 ਡੈਮੋਕ੍ਰੈਟ ਅਤੇ 7 ਰਿਪਬਲਿਕਨ ਮੈਂਬਰ ਹਨ। ਕੁਝ ਸੈਨੇਟਰ ਰਿਟਾਇਰਮੈਂਟ ਲੈ ਰਹੇ ਹਨ, ਜਦਕਿ ਕੁਝ ਹੋਰ ਅਹੁਦਿਆਂ ਲਈ ਆਪਣੀ ਕਿਸਮਤ ਅਜ਼ਮਾਉਣਗੇ। ਇਸ ਕਰਕੇ ਕਈ ਰਾਜਾਂ ਵਿਚ ਮੁਕਾਬਲੇ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜਿੱਥੇ ਮੌਜੂਦਾ ਮੈਂਬਰ ਹਟਦੇ ਹਨ, ਉੱਥੇ ਨਵੀਂ ਚੋਣ ਵਿਚ ਨਤੀਜੇ ਅਣਪੇਖੇ ਹੋ ਸਕਦੇ ਹਨ। ਖ਼ਾਸ ਕਰਕੇ ਉਹ ਸੀਟਾਂ ਜਿੱਥੇ ਪਿਛਲੀ ਚੋਣ ਵਿਚ ਜਿੱਤ ਦਾ ਫਰਕ ਬਹੁਤ ਘੱਟ ਸੀ, ਹੁਣ ਦੋਵਾਂ ਪਾਰਟੀਆਂ ਲਈ ਵੱਡੀ ਚੁਣੌਤੀ ਬਣ ਸਕਦੀਆਂ ਹਨ। ਕਈ ਅਜਿਹੇ ਹਲਕੇ ਹਨ, ਜਿੱਥੇ ਸਿਰਫ਼ ਕੁਝ ਹਜ਼ਾਰ ਵੋਟਾਂ ਨਾਲ ਨਤੀਜੇ ਬਦਲ ਸਕਦੇ ਹਨ। ਰਿਪਬਲਿਕਨ ਪਾਰਟੀ ਲਈ ਇਹ ਸਥਿਤੀ ਇਸ ਕਰਕੇ ਹੋਰ ਮਹੱਤਵਪੂਰਨ ਹੈ ਕਿਉਂਕਿ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਮੈਂਬਰ ਹਾਊਸ ਤੋਂ ਬਾਹਰ ਹੋ ਰਹੇ ਹਨ।

ਡੈਮੋਕ੍ਰੈਟਿਕ ਪਾਰਟੀ ਵੀ ਇਸ ਮੌਕੇ ਨੂੰ ਕਬਜ਼ੇ ਵਿਚ ਲੈਣ ਲਈ ਤਿਆਰੀ ਕਰ ਰਹੀ ਹੈ। ਦੋਵਾਂ ਪਾਰਟੀਆਂ ਹੁਣ ਉਮੀਦਵਾਰ ਚੋਣ, ਫੰਡ ਰੇਜ਼ਿੰਗ ਅਤੇ ਵੋਟਰ ਸੰਪਰਕ ਮੁਹਿੰਮਾਂ ਵਿਚ ਤੇਜ਼ੀ ਲਿਆਉਣਗੀਆਂ। 2026 ਦੀਆਂ ਚੋਣਾਂ ਸਿਰਫ਼ ਕਾਂਗਰਸ ਦੀਆਂ ਆਮ ਚੋਣਾਂ ਨਹੀਂ ਰਹੀਆਂ, ਸਗੋਂ ਇਹ ਅਮਰੀਕਾ ਦੀ ਭਵਿੱਖੀ ਨੀਤੀ, ਇਮੀਗ੍ਰੇਸ਼ਨ ਕਾਨੂੰਨਾਂ, ਆਰਥਿਕ ਦਿਸ਼ਾ, ਸਿਹਤ ਸੇਵਾਵਾਂ ਅਤੇ ਵਿਦੇਸ਼ ਨੀਤੀ ਨੂੰ ਨਿਰਧਾਰਤ ਕਰਨ ਵਾਲਾ ਵੱਡਾ ਮੋੜ ਸਾਬਤ ਹੋ ਸਕਦੀਆਂ ਹਨ। ਪੰਜਾਬੀ ਭਾਈਚਾਰੇ ਲਈ ਵੀ ਇਹ ਚੋਣਾਂ ਮਹੱਤਵਪੂਰਨ ਰਹਿਣਗੀਆਂ ਕਿਉਂਕਿ ਇਨ੍ਹਾਂ ਦੇ ਨਤੀਜੇ ਸਿੱਧੇ ਤੌਰ 'ਤੇ ਇਮੀਗ੍ਰੇਸ਼ਨ, ਛੋਟੇ ਕਾਰੋਬਾਰਾਂ ਅਤੇ ਪਰਿਵਾਰਕ ਨੀਤੀਆਂ 'ਤੇ ਅਸਰ ਪਾ ਸਕਦੇ ਹਨ।






# ਟਰੰਪ ਨੇ ਆਈਸੀਈ ਦਾ ਨਾਮ ਐਨਆਈਸੀਈ ਕਰਨ ਦੇ ਵਿਚਾਰ ਨੂੰ ਦਿੱਤਾ ਸਮਰਥਨ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਦੀ ਇਮੀਗ੍ਰੇਸ਼ਨ ਏਜੰਸੀ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦਾ ਨਾਮ ਬਦਲ ਕੇ 'ਐਨਆਈਸੀਈ' ਕਰਨ ਦੇ ਵਿਚਾਰ ਨੂੰ ਸਮਰਥਨ ਦਿੱਤਾ ਹੈ। ਇਸ ਤਹਿਤ ਏਜੰਸੀ ਦਾ ਨਵਾਂ ਨਾਮ ਨੈਸ਼ਨਲ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਹੋਵੇਗਾ, ਜਿਸ ਦਾ ਸੰਖੇਪ ਸ਼ਬਦ 'ਐਨਆਈਸੀਈ' ਬਣੇਗਾ। ਇਹ ਸੁਝਾਅ ਪਿਛਲੇ ਮਹੀਨੇ ਕੰਜ਼ਰਵੇਟਿਵ ਇਨਫਲੂਐਂਸਰ ਐਲਿਸਾ ਮੈਰੀ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਦਿੱਤਾ ਗਿਆ ਸੀ। ਉਸ ਨੇ ਲਿਖਿਆ ਸੀ ਕਿ ਜੇ ਆਈਸੀਈ ਦਾ ਨਾਮ 'ਐਨਆਈਸੀਈ' ਹੋ ਜਾਵੇ, ਤਾਂ ਮੀਡੀਆ ਨੂੰ ਹਰ ਰੋਜ਼ 'ਐਨਆਈਸੀਈ ਏਜੰਟਸ" ਕਹਿਣਾ ਪਵੇਗਾ। ਐਤਵਾਰ ਦੇਰ ਰਾਤ ਡੋਨਾਲਡ ਟਰੰਪ ਨੇ ਟਰੁੱਥ ਸੋਸ਼ਲ 'ਤੇ ਇਸ ਸੁਝਾਅ ਨੂੰ ਖੁੱਲ੍ਹਾ ਸਮਰਥਨ ਦਿੰਦਿਆਂ ਲਿਖਿਆ, ਗ੍ਰੇਟ ਇੰਡੀਆ!!! ਡੂ ਇੱਟ" ਇਸ ਤੋਂ ਬਾਅਦ ਕਈ ਕੰਜ਼ਰਵੇਟਿਵ ਹਮਾਇਤੀਆਂ ਨੇ ਵੀ ਇਸ ਵਿਚਾਰ ਦਾ ਸਮਰਥਨ ਕੀਤਾ। ਹਾਲਾਂਕਿ, ਕਿਸੇ ਫੈਡਰਲ ਏਜੰਸੀ ਦਾ ਨਾਮ ਬਦਲਣਾ ਆਮ ਤੌਰ 'ਤੇ ਕਾਂਗਰਸ ਦੀ ਮਨਜ਼ੂਰੀ ਨਾਲ ਕਾਨੂੰਨ ਰਾਹੀਂ ਹੁੰਦਾ ਹੈ। ਮਾਹਿਰਾਂ ਅਨੁਸਾਰ ਆਈਸੀਈ ਦਾ ਨਾਮ ਬਦਲਣ ਲਈ ਵੀ ਸੰਸਦੀ ਕਾਰਵਾਈ ਦੀ ਲੋੜ ਪੈ ਸਕਦੀ ਹੈ।

ਇਹ ਪ੍ਰਸਤਾਵ ਉਸ ਵੇਲੇ ਆਇਆ ਹੈ, ਜਦੋਂ ਇਮੀਗ੍ਰੇਸ਼ਨ ਮਸਲਾ ਟਰੰਪ ਦੀ ਲੋਕਪ੍ਰਿਯਤਾ ਲਈ ਵੱਡਾ ਚੁਣੌਤੀਪੂਰਨ ਵਿਸ਼ਾ ਬਣਿਆ ਹੋਇਆ ਹੈ। ਇਸੇ ਨਾਲ ਆਈਸੀਈ ਦੀ ਫੰਡਿੰਗ ਨੂੰ ਲੈ ਕੇ ਕਾਂਗਰਸ ਵਿਚ ਟਕਰਾਅ ਜਾਰੀ ਹੈ। ਡੈਮੋਕ੍ਰੈਟਸ ਵੱਲੋਂ ਇਮੀਗ੍ਰੇਸ਼ਨ ਇਨਫੋਰਸਮੈਂਟ ਵਿਚ ਸੁਧਾਰਾਂ ਦੀ ਮੰਗ ਕੀਤੀ ਜਾ ਰਹੀ ਹੈ, ਜਦਕਿ ਕੁਝ ਰਿਪਬਲਿਕਨ ਆਈਸੀਈ ਅਤੇ ਬਾਰਡਰ ਪੈਟਰੋਲ ਲਈ ਲੰਬੇ ਸਮੇਂ ਦੀ ਫੰਡਿੰਗ ਦੀ ਮੰਗ ਕਰ ਰਹੇ ਹਨ। ਰਾਜਨੀਤਿਕ ਵਿਸ਼ਲੇਸ਼ਕ ਮੰਨਦੇ ਹਨ ਕਿ ਆਈਸੀਈ ਦਾ ਨਾਮ ਐਨਆਈਸੀਈ ਕਰਨ ਦੀ ਚਰਚਾ ਇੱਕ ਰਾਜਨੀਤਿਕ ਸੁਨੇਹਾ ਦੇਣ ਦੀ ਰਣਨੀਤੀ ਵੀ ਹੋ ਸਕਦੀ ਹੈ, ਜਿਸ ਰਾਹੀਂ ਟਰੰਪ ਪ੍ਰਸ਼ਾਸਨ ਏਜੰਸੀ ਦੀ ਛਵੀ ਨਰਮ ਦਿਖਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਪਰ ਵਿਰੋਧੀ ਧਿਰ ਇਸਨੂੰ ਸਿਰਫ਼ ਨਾਮ ਬਦਲਣ ਦੀ ਰਾਜਨੀਤੀ ਕਹਿ ਰਹੀ ਹੈ।

ਜੇ ਇਹ ਤਬਦੀਲੀ ਅੱਗੇ ਵਧਦੀ ਹੈ ਤਾਂ ਇਮੀਗ੍ਰੇਸ਼ਨ ਡਿਬੇਟ ਵਿਚ ਇੱਕ ਨਵਾਂ ਵਿਵਾਦ ਖੜ੍ਹਾ ਹੋ ਸਕਦਾ ਹੈ, ਕਿਉਂਕਿ ਆਈਸੀਈ ਪਹਿਲਾਂ ਹੀ ਅਮਰੀਕਾ ਦੀ ਸਭ ਤੋਂ ਚਰਚਿਤ ਇਨਫੋਰਸਮੈਂਟ ਏਜੰਸੀਆਂ ਵਿਚੋਂ ਇੱਕ ਹੈ।




Space availabe for Ad
Contact #
+1 (209) 303-1260

Space availabe for Ad
Contact #
+1 (209) 303-1260






# JRP REALTY GROUP

A TRADITION OF REAL ESTATE EXCELLENCE




## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI


DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਦਾਦਾ ਸਾਹਿਬ ਫਾਲਕੇ ਪੁਰਸਕਾਰ






ਦਾਦਾ ਸਾਹਿਬ ਫਾਲਕੇ ਪੁਰਸਕਾਰ ਭਾਰਤ ਦਾ ਸਭ ਤੋਂ ਵੱਡਾ ਸਿਨੇਮਾ ਪੁਰਸਕਾਰ ਹੈ। ਇਹ ਪੁਰਸਕਾਰ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਵੱਲੋਂ ਸਥਾਪਤ ਫਿਲਮ ਮਹਾਉਤਸਵ ਨਿਦੇਸ਼ਾਲਾ ਰਾਹੀਂ ਰਾਸ਼ਟਰੀ ਫਿਲਮ ਪੁਰਸਕਾਰ ਸਮਾਰੋਹ ਵਿੱਚ ਹਰ ਸਾਲ ਪ੍ਰਦਾਨ ਕੀਤਾ ਜਾਂਦਾ ਹੈ। ਇਹ ਪੁਰਸਕਾਰ ਪਹਿਲੀ ਵਾਰ ਦੇਵਿਕਾ ਰਾਣੀ ਨੂੰ 1969 ਵਿੱਚ 17ਵੇਂ ਰਾਸ਼ਟਰੀ ਫਿਲਮ ਪੁਰਸਕਾਰ ਸਮਾਰੋਹ ਦੇ ਮੌਕੇ ਤੇ ਦਿੱਤਾ ਗਿਆ ਸੀ।

ਦਾਦਾ ਸਾਹਿਬ ਫਾਲਕੇ ਦਾ ਪੂਰਾ ਨਾਂ ਧੁੰਦੀਰਾਜ ਗੋਵਿੰਦ ਫਾਲਕੇ ਸੀ, ਜਿਨ੍ਹਾਂ ਦਾ ਜੀਵਨ ਕਾਲ 30 ਅਪ੍ਰੈਲ 1870 ਤੋਂ 16 ਫ਼ਰਵਰੀ 1944 ਤੱਕ ਦਾ ਹੈ। ਉਨ੍ਹਾਂ ਨੂੰ 'ਭਾਰਤੀ ਸਿਨੇਮਾ ਦਾ ਮੋਢੀ' ਕਿਹਾ ਜਾਂਦਾ ਹੈ। ਉਨ੍ਹਾਂ ਨੇ 1913 ਵਿੱਚ ਭਾਰਤ ਦੀ ਪੂਰੀ ਲੰਬਾਈ ਵਾਲੀ ਪਹਿਲੀ ਫੀਚਰ ਫਿਲਮ 'ਰਾਜਾ ਹਰੀਸ਼ ਚੰਦਰ' ਬਣਾਈ ਸੀ। ਉਨ੍ਹਾਂ ਦੀ 100ਵੀਂ ਜਯੰਤੀ ਤੇ 1969 ਵਿੱਚ 'ਦਾਦਾ ਸਾਹਿਬ ਫਾਲਕੇ ਪੁਰਸਕਾਰ' ਦੀ ਸ਼ੁਰੂਆਤ ਕੀਤੀ ਗਈ।

ਇਸ ਪੁਰਸਕਾਰ ਦੇ ਜੇਤੂਆਂ ਨੂੰ ਭਾਰਤੀ ਸਿਨੇਮਾ ਦੇ ਵਿਕਾਸ ਅਤੇ ਉੱਨਤੀ ਵਿੱਚ ਉਨ੍ਹਾਂ ਦੇ ਬਿਹਤਰੀਨ ਯੋਗਦਾਨ ਲਈ ਸਨਮਾਨਿਤ ਕੀਤਾ ਜਾਂਦਾ ਹੈ। ਦਾਦਾ ਸਾਹਿਬ ਫਾਲਕੇ ਪੁਰਸਕਾਰ ਦੇ ਜੇਤੂਆਂ ਦੀ ਚੋਣ ਭਾਰਤੀ ਫਿਲਮ ਉਦਯੋਗ ਦੀਆਂ ਪ੍ਰਸਿੱਧ ਸ਼ਖਸੀਅਤਾਂ ਦੀ ਇੱਕ ਕਮੇਟੀ ਵੱਲੋਂ ਕੀਤੀ ਜਾਂਦੀ ਹੈ, ਜਿਸ ਵਿੱਚ ਸੁਨਹਿਰੀ ਕਮਲ (ਗੋਲਡਨ ਲੋਟੱਸ), ਸ਼ਾਲ ਅਤੇ 10 ਲੱਖ ਰੁਪਏ ਦਾ ਨਕਦ ਰਾਸ਼ੀ ਦਿੱਤੀ ਜਾਂਦੀ ਹੈ।

ਹੁਣ ਤੱਕ ਦੇ ਜੇਤੂਆਂ ਦਾ ਵੇਰਵਾ ਇਸ ਪ੍ਰਕਾਰ ਹੈ :

1969 ਦੇਵਿਕਾ ਰਾਣੀ (ਅਭਿਨੇਤਰੀ) ਹਿੰਦੀ
1970 ਬੀਰੇਂਦ੍ਰਨਾਥ ਸਰਕਾਰ (ਨਿਰਮਾਤਾ) ਬੰਗਾਲੀ
1971 ਪ੍ਰਿਥਵੀ ਰਾਜ ਕਪੂਰ (ਅਭਿਨੇਤਾ) ਹਿੰਦੀ
1972 ਪੰਕਜ ਮਲਿਕ (ਸੰਗੀਤਕਾਰ) ਬੰਗਾਲੀ, ਹਿੰਦੀ
1973 ਸੁਲੋਚਨਾ (ਰੂਬੀ ਮੇਅਰਜ਼) (ਅਭਿਨੇਤਰੀ) ਹਿੰਦੀ
1974 ਬੀ ਨਰਸਿਮਹਾ ਰੈਡੀ (ਨਿਰਦੇਸ਼ਕ) ਤੈਲਗੂ
1975 ਧੀਰੇਂਦ੍ਰਨਾਥ ਗਾਂਗੁਲੀ (ਅਭਿਨੇਤਾ, ਨਿਰਦੇਸ਼ਕ) ਬੰਗਾਲੀ
1976 ਕਾਨਨ ਦੇਵੀ (ਅਭਿਨੇਤਰੀ) ਬੰਗਾਲੀ
1977 ਨਿਤਿਨ ਬੋਸ (ਫੋਟੋਗ੍ਰਾਫਰ, ਨਿਰਦੇਸ਼ਕ, ਪਟਕਥਾ ਲੇਖਕ) ਬੰਗਾਲੀ, ਹਿੰਦੀ
1978 ਆਰ ਸੀ ਬੋਰਾਲ (ਸੰਗੀਤਕਾਰ, ਨਿਰਦੇਸ਼ਕ) ਬੰਗਾਲੀ, ਹਿੰਦੀ
1979 ਸੋਹਰਾਬ ਮੋਦੀ (ਅਭਿਨੇਤਾ, ਨਿਰਦੇਸ਼ਕ, ਨਿਰਮਾਤਾ) ਹਿੰਦੀ
1980 ਪੀ ਜੈਰਾਜ (ਅਭਿਨੇਤਾ, ਨਿਰਦੇਸ਼ਕ) ਹਿੰਦੀ, ਤੈਲਗੂ
1981 ਨੌਸ਼ਾਦ (ਸੰਗੀਤਕਾਰ) ਹਿੰਦੀ
1982 ਐਲ ਵੀ ਪ੍ਰਸਾਦ (ਅਭਿਨੇਤਾ, ਨਿਰਦੇਸ਼ਕ, ਨਿਰਮਾਤਾ) ਹਿੰਦੀ, ਤਾਮਿਲ, ਤੈਲਗੂ
1983 ਦੁਰਗਾ ਖੋਟੇ (ਅਭਿਨੇਤਰੀ) ਹਿੰਦੀ, ਮਰਾਠੀ
1984 ਸਤਿਆਜੀਤ ਰੇਅ (ਨਿਰਦੇਸ਼ਕ) ਬੰਗਾਲੀ
1985 ਵੀ ਸ਼ਾਂਤਾਰਾਮ (ਅਭਿਨੇਤਾ, ਨਿਰਦੇਸ਼ਕ, ਨਿਰਮਾਤਾ) ਹਿੰਦੀ, ਮਰਾਠੀ
1986 ਬੀਐਨ ਰੈਡੀ (ਨਿਰਮਾਤਾ) ਤੈਲਗੂ
1987 ਰਾਜਕਪੂਰ (ਅਭਿਨੇਤਾ, ਨਿਰਦੇਸ਼ਕ) ਹਿੰਦੀ
1988 ਅਸ਼ੋਕ ਕੁਮਾਰ (ਅਭਿਨੇਤਾ) ਹਿੰਦੀ
1989 ਲਤਾ ਮੰਗੇਸ਼ਕਰ (ਗਾਇਕਾ) ਹਿੰਦੀ, ਮਰਾਠੀ
1990 ਨਾਗੇਸ਼ਵਰ ਰਾਓ (ਅਭਿਨੇਤਾ) ਤੈਲਗੂ
1991 ਭਾਲਜੀ ਪੇਂਢਾਰਕਰ (ਨਿਰਦੇਸ਼ਕ, ਨਿਰਮਾਤਾ, ਪਟਕਥਾ ਲੇਖਕ) ਮਰਾਠੀ
1992 ਭੂਪੇਨ ਹਜ਼ਾਰਿਕਾ (ਨਿਰਦੇਸ਼ਕ, ਗਾਇਕ) ਆਸਾਮੀ
1993 ਮਜਰੂਹ ਸੁਲਤਾਨਪੁਰੀ (ਗੀਤਕਾਰ) ਹਿੰਦੀ
1994 ਦਿਲੀਪ ਕੁਮਾਰ (ਅਭਿਨੇਤਾ) ਹਿੰਦੀ
1995 ਰਾਜਕੁਮਾਰ (ਅਭਿਨੇਤਾ) ਕੰਨੜ
1996 ਸ਼ਿਵਾਜੀ ਗਣੇਸ਼ਨ (ਅਭਿਨੇਤਾ) ਤਾਮਿਲ
1997 ਪ੍ਰਦੀਪ (ਗੀਤਕਾਰ) ਹਿੰਦੀ
1998 ਬੀ ਆਰ ਚੋਪੜਾ (ਨਿਰਦੇਸ਼ਕ, ਨਿਰਮਾਤਾ) ਹਿੰਦੀ
1999 ਰਿਸ਼ੀਕੇਸ਼ ਮੁਖਰਜੀ (ਨਿਰਦੇਸ਼ਕ) ਹਿੰਦੀ
2000 ਆਸ਼ਾ ਭੋਸਲੇ (ਗਾਇਕਾ) ਹਿੰਦੀ, ਮਰਾਠੀ
2001 ਯਸ਼ ਚੋਪੜਾ (ਨਿਰਦੇਸ਼ਕ, ਨਿਰਮਾਤਾ) ਹਿੰਦੀ
2002 ਦੇਵ ਆਨੰਦ (ਅਭਿਨੇਤਾ, ਨਿਰਦੇਸ਼ਕ, ਨਿਰਮਾਤਾ) ਹਿੰਦੀ
2003 ਮ੍ਰਿਣਾਲ ਸੇਨ (ਨਿਰਦੇਸ਼ਕ) ਬੰਗਾਲੀ
2004 ਏ ਗੋਪਾਲ ਕ੍ਰਿਸ਼ਣਨ (ਨਿਰਦੇਸ਼ਕ) ਮਲਿਆਲਮ
2005 ਸ਼ਿਆਮ ਬੈਨੇਗਲ (ਨਿਰਦੇਸ਼ਕ) ਹਿੰਦੀ
2006 ਤਪਨ ਸਿਨਹਾ (ਨਿਰਦੇਸ਼ਕ) ਬੰਗਾਲੀ, ਹਿੰਦੀ
2007 ਮੰਨਾ ਡੇ (ਗਾਇਕ) ਬੰਗਾਲੀ, ਹਿੰਦੀ
2008 ਵੀ ਕੇ ਮੂਰਤੀ (ਫੋਟੋਗ੍ਰਾਫਰ) ਹਿੰਦੀ
2009 ਡੀ ਰਾਮਾਨਾਇਡੂ (ਨਿਰਮਾਤਾ) ਤੈਲਗੂ
2010 ਕੇ ਬਾਲਾਚੰਦਰ (ਨਿਰਦੇਸ਼ਕ) ਤਾਮਿਲ, ਤੈਲਗੂ
2011 ਸੌਮਿਤ੍ਰ ਚੈਟਰਜੀ (ਅਭਿਨੇਤਾ) ਬੰਗਾਲੀ
2012 ਪ੍ਰਾਣ (ਅਭਿਨੇਤਾ) ਹਿੰਦੀ
2013 ਗੁਲਜ਼ਾਰ (ਗੀਤਕਾਰ, ਕਵੀ, ਪਟਕਥਾ ਲੇਖਕ, ਨਿਰਮਾਤਾ, ਨਿਰਦੇਸ਼ਕ) ਹਿੰਦੀ
2014 ਸ਼ਸ਼ੀ ਕਪੂਰ (ਅਭਿਨੇਤਾ, ਨਿਰਮਾਤਾ) ਹਿੰਦੀ
2015 ਮਨੋਜ ਕੁਮਾਰ (ਅਭਿਨੇਤਾ, ਨਿਰਮਾਤਾ, ਨਿਰਦੇਸ਼ਕ) ਹਿੰਦੀ
2016 ਕੇ ਵਿਸ਼ਵਨਾਥ (ਨਿਰਦੇਸ਼ਕ, ਪਟਕਥਾ ਲੇਖਕ, ਅਭਿਨੇਤਾ) ਤੈਲਗੂ
2017 ਵਿਨੋਦ ਖੰਨਾ (ਅਭਿਨੇਤਾ) ਹਿੰਦੀ
2018 ਅਮਿਤਾਭ ਬੱਚਨ (ਅਭਿਨੇਤਾ, ਨਿਰਮਾਤਾ) ਹਿੰਦੀ
2021 ਰਜਨੀਕਾਂਤ (ਅਭਿਨੇਤਾ, ਨਿਰਮਾਤਾ, ਨਿਰਦੇਸ਼ਕ) ਤਾਮਿਲ
2022 ਆਸ਼ਾ ਪਾਰਿਖ (ਅਭਿਨੇਤਰੀ) ਹਿੰਦੀ
2023 ਰੇਖਾ (ਅਭਿਨੇਤਰੀ) ਹਿੰਦੀ
2024 ਮਿਥੁਨ ਚੱਕਰਵਰਤੀ (ਅਭਿਨੇਤਾ) ਹਿੰਦੀ
2025 ਮੋਹਨਲਾਲ (ਅਭਿਨੇਤਾ) ਮਲਿਆਲਮ

ਇਨ੍ਹਾਂ ਵਿੱਚ ਪ੍ਰਿਥਵੀ ਰਾਜ ਕਪੂਰ (1971) ਅਤੇ ਵਿਨੋਦ ਖੰਨਾ (2017) ਨੂੰ ਮਰਨ ਪਿੱਛੋਂ ਇਹ ਪੁਰਸਕਾਰ ਪ੍ਰਾਪਤ ਹੋਇਆ। 2026 ਦੇ ਪੁਰਸਕਾਰ ਦਾ ਐਲਾਨ ਹੋਣਾ ਅਜੇ ਬਾਕੀ ਹੈ।



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

GHUMAN LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

# ਪ੍ਰਧਾਨ ਮੰਤਰੀ ਬਾਜੇਕੇ 'ਤੇ ਇੱਕ ਹੋਰ ਵੱਡਾ ਇਲਜ਼ਾਮ ਇਸ ਨੂੰ ਦਿੱਤੀ ਜਾਨੋਂ ਮਾਰਨ ਦੀ ਧਮਕੀ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਜੇਲ੍ਹ ਪ੍ਰਸ਼ਾਸਨ ਨੇ ਕੈਂਟ ਪੁਲਿਸ ਸਟੇਸ਼ਨ ਨੂੰ ਇੱਕ ਲਿਖਤੀ ਪੱਤਰ ਭੇਜ ਕੇ ਭਗਵੰਤ ਸਿੰਘ ਉਰਫ਼ 'ਪ੍ਰਧਾਨ ਮੰਤਰੀ' ਬਾਜੇਕੇ ਵਿਰੁੱਧ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ, ਜੋ ਕਿ ਕਾਫ਼ੀ ਸਮੇਂ ਤੋਂ ਬਠਿੰਡਾ ਕੇਂਦਰੀ ਜੇਲ੍ਹ ਵਿੱਚ ਬੰਦ ਹੈ।

ਸੂਤਰਾਂ ਅਨੁਸਾਰ, ਪੱਤਰ ਵਿੱਚ ਕਿਹਾ ਗਿਆ ਹੈ ਕਿ ਕੈਦੀ ਭਗਵੰਤ ਸਿੰਘ ਨੇ ਜੇਲ੍ਹ ਸੁਪਰਡੈਂਟ ਅਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ।

ਕੈਂਟ ਪੁਲਿਸ ਸਟੇਸ਼ਨ ਦੇ ਐਸਐਚਓ ਰਘੁਵੀਰ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਹੈ। ਜੇਲ੍ਹ ਪ੍ਰਸ਼ਾਸਨ ਦੇ ਸੂਤਰਾਂ ਨੇ ਖੁਲਾਸਾ ਕੀਤਾ ਕਿ ਭਗਵੰਤ ਸਿੰਘ ਉਰਫ਼ 'ਪ੍ਰਧਾਨ ਮੰਤਰੀ' ਬਾਜੇਕੇ ਦੀ ਇੱਕ ਆਡੀਓ ਕਲਿੱਪ ਸੋਮਵਾਰ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ। ਕਲਿੱਪ ਵਿੱਚ, ਬਾਜੇਕੇ ਨੇ ਜੇਲ੍ਹ ਪ੍ਰਸ਼ਾਸਨ 'ਤੇ ਕਈ ਗੰਭੀਰ ਦੋਸ਼ ਲਗਾਏ।

ਉਕਤ ਆਡੀਓ ਵਿੱਚ, ਉਹ ਜੇਲ੍ਹ ਦੇ ਅੰਦਰੋਂ ਆਪਣੀ ਮਾਂ ਨਾਲ ਗੱਲਬਾਤ ਕਰਦੇ ਹੋਏ ਇਹ ਦੋਸ਼ ਲਗਾਉਂਦੇ



ਸੁਣਿਆ ਜਾ ਸਕਦਾ ਹੈ। ਉਹ ਆਪਣੀ ਮਾਂ ਨੂੰ ਗੱਲਬਾਤ ਰਿਕਾਰਡ ਕਰਨ ਅਤੇ ਇਸਨੂੰ ਮੀਡੀਆ ਨੂੰ ਜਾਰੀ ਕਰਨ ਲਈ ਵੀ ਨਿਰਦੇਸ਼ ਦੇ ਰਿਹਾ ਹੈ।ਆਡੀਓ ਰਿਕਾਰਡਿੰਗ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਜੇਲ੍ਹ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ।

ਸੋਮਵਾਰ ਦੇਰ ਸ਼ਾਮ ਜੇਲ੍ਹ ਪ੍ਰਸ਼ਾਸਨ ਨੇ ਕੈਂਟ ਪੁਲਿਸ ਸਟੇਸ਼ਨ ਨੂੰ ਇੱਕ ਪੱਤਰ ਭੇਜਿਆ।

ਇਸ ਪੱਤਰ ਵਿੱਚ, ਪ੍ਰਸ਼ਾਸਨ ਨੇ ਕਿਹਾ ਕਿ ਕੈਦੀ ਭਗਵੰਤ ਸਿੰਘ ਨੇ ਜੇਲ੍ਹ ਸੁਪਰਡੈਂਟ ਅਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ।

ਪੱਤਰ ਵਿੱਚ ਅੱਗੇ ਕਿਹਾ ਗਿਆ ਹੈ ਕਿ ਅਜਿਹੀਆਂ ਧਮਕੀਆਂ ਦੇਣਾ ਇੱਕ ਗੰਭੀਰ ਅਪਰਾਧ ਹੈ ਅਤੇ ਬੇਨਤੀ ਕੀਤੀ ਗਈ ਹੈ ਕਿ ਭਗਵੰਤ ਸਿੰਘ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇ।

ਕੈਂਟ ਪੁਲਿਸ ਸਟੇਸ਼ਨ ਦੇ ਐਸਐਚਓ ਰਘੁਵੀਰ ਸਿੰਘ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਜੇਲ੍ਹ ਪ੍ਰਸ਼ਾਸਨ ਤੋਂ ਪੱਤਰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਇਸ ਸਮੇਂ ਜਾਂਚ ਕਰ ਰਹੀ ਹੈ, ਅਤੇ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

# ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਸ਼ਰਧਾ ਅਤੇ ਭਾਈਚਾਰਕ ਉਤਸ਼ਾਹ ਨਾਲ ਮਨਾਇਆ ਗਿਆ

**ਸਿਨਸਿਨਾਟੀ ਸਾਂਝੀ ਸੋਚ ਬਿਊਰੋ**

ਅਮਰੀਕਾ ਦੇ ਓਹਾਇਓ ਸੂਬੇ ਦੇ ਵੈਸਟ ਚੈਸਟਰ ਸਥਿਤ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਅਤੇ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਤਿੰਨ ਦਿਨਾਂ ਤੱਕ ਚੱਲੇ ਇਹਨਾਂ ਸਮਾਗਮਾਂ ਵਿੱਚ ਧਾਰਮਿਕ ਦੀਵਾਨਾਂ ਦੇ ਨਾਲ-ਨਾਲ ਨਗਰ ਕੀਰਤਨ, ਗਤਕਾ, ਮੈਡੀਕਲ ਕੈਂਪ, ਬੱਚਿਆਂ ਲਈ ਵਿਦਿਅਕ ਗਤੀਵਿਧੀਆਂ ਅਤੇ ਸਿੱਖ ਵਿਰਾਸਤ ਨੂੰ ਉਜਾਗਰ ਕਰਨ ਵਾਲੇ ਕਈ ਉਪਰਾਲੇ ਕੀਤੇ ਗਏ।ਸਮਾਗਮਾਂ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਨਾਲ ਹੋਈ। ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਪੰਜ ਪਿਆਰਿਆਂ ਦੀ ਛਤਰ-ਛਾਇਆ ਹੇਠ ਨਗਰ ਕੀਰਤਨ ਸਜਾਇਆ ਗਿਆ। ਵੱਖ-ਵੱਖ ਉਮਰ ਵਰਗ ਦੇ ਨੌਜਵਾਨਾਂ ਨੇ ਗਤਕੇ ਦੇ ਜੋਹਰ ਦਿਖਾ ਕੇ ਮਾਹੌਲ ਨੂੰ ਹੋਰ ਉਤਸ਼ਾਹਜਨਕ ਬਣਾ ਦਿੱਤਾ।ਵਿਸਾਖੀ ਜੋੜ ਮੇਲੇ ਦੌਰਾਨ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਵਿੱਚ ਸਿੱਖ ਇਤਿਹਾਸ, ਸਰਬੱਤ ਦਾ ਭਲਾ ਦੀ ਵਿਚਾਰਧਾਰਾ, ਸਿੱਖ ਬੀਬੀਆਂ ਦਾ ਯੋਗਦਾਨ, ਸ਼ਸਤਰ ਵਿਦਿਆ, ਅਤੇ 1699 ਦੀ ਵਿਸਾਖੀ ਦੀ ਮਹੱਤਤਾ ਨੂੰ ਬੈਨਰਾਂ ਅਤੇ ਜਾਣਕਾਰੀ ਭਰਪੂਰ ਚਿੱਤਰਾਂ ਰਾਹੀਂ ਦਰਸਾਇਆ ਗਿਆ। ਛੋਟਾ ਘੱਲੂਘਾਰਾ, ਵੱਡਾ ਘੱਲੂਘਾਰਾ ਅਤੇ 1984 ਦੇ ਘੱਲੂਘਾਰੇ ਨਾਲ ਸੰਬੰਧਤ ਇਤਿਹਾਸਕ ਜਾਣਕਾਰੀ ਵੀ ਸਾਂਝੀ ਕੀਤੀ ਗਈ। ਬੱਚਿਆਂ ਲਈ ਆਰਟ ਐਂਡ ਕਰਾਫਟ ਅਤੇ ਸਵਾਲ-ਜਵਾਬ ਦੇ ਬੂਥ ਵੀ ਲਗਾਏ ਗਏ, ਤਾਂ ਜੋ ਉਹਨਾਂ ਨੂੰ ਕਲਾ ਰਾਹੀਂ ਸਿੱਖੀ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕੇ। ਇਸ ਤੋਂ ਇਲਾਵਾ, ਦਸਤਾਰ ਸਜਾਉਣ ਵਾਲਾ ਬੂਥ ਵੀ ਲਗਾਇਆ ਗਿਆ, ਜਿੱਥੇ ਸਿੱਖ ਭਾਈਚਾਰੇ ਦੇ ਨਾਲ-ਨਾਲ ਗੈਰ-ਸਿੱਖ, ਖ਼ਾਸ ਕਰਕੇ ਸਥਾਨਕ ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਵੀ ਦਸਤਾਰ ਦੀ ਮਹੱਤਤਾ ਸਮਝੀ ਅਤੇ ਦਸਤਾਰ ਸਜਾਈ।ਇਸ ਸਾਲ ਦੇ




ਸਮਾਗਮਾਂ ਵਿੱਚ ਉੱਘੀ ਲੇਖਿਕਾ ਅਤੇ ਅਧਿਆਪਕਾ ਬੀਬੀ ਗੁਰਮੀਤ ਕੌਰ ਵਿਸ਼ੇਸ਼ ਤੌਰ 'ਤੇ ਪੁੱਜੇ। ਉਹਨਾਂ ਨੇ "ਸੋਹਣੇ ਪੰਜਾਬ ਦੀਆਂ ਮੋਹਣੀਆਂ ਬਾਤਾਂ" ਅਤੇ "ਭਾਈ ਜਸਵੰਤ ਸਿੰਘ ਖਾਲੜਾ" ਬਾਰੇ ਕਿਤਾਬਾਂ ਲਿਖੀਆਂ ਹਨ।

ਉਹਨਾਂ ਨੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਗੁਰਮੁਖੀ ਦਾ ਗਿਆਨ ਹੀ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਆਪਣੀਆਂ ਜੜ੍ਹਾਂ ਨਾਲ ਜੋੜ ਸਕਦਾ ਹੈ। ਉਹਨਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਸ਼ਹੀਦੀਆਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਵਿਸਾਖੀ ਸਿਰਫ਼ ਇੱਕ ਇਤਿਹਾਸਕ ਦਿਨ ਨਹੀਂ, ਸਗੋਂ ਸੱਚ, ਨਿਆਂ, ਹਿੰਮਤ, ਸ਼ਹੀਦੀ ਅਤੇ ਖਾਲਸਾਈ ਪਹਿਚਾਣ ਨੂੰ ਸਮਰਪਿਤ ਇੱਕ ਰੂਹਾਨੀ ਲੜੀ ਹੈ।ਵੈਸਟ ਚੈਸਟਰ ਟਾਊਨਸ਼ਿਪ ਦੀ ਮੁੱਖ ਟਰੱਸਟੀ ਐਨ ਬੈਕਰ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ। ਉਹਨਾਂ ਨੇ ਸਿੱਖ ਭਾਈਚਾਰੇ ਦੀ ਮਹਿਮਾਨਨਵਾਜ਼ੀ ਅਤੇ ਸਿੱਖ ਧਰਮ ਬਾਰੇ ਦਿੱਤੀ ਗਈ ਜਾਣਕਾਰੀ ਲਈ ਧੰਨਵਾਦ ਕੀਤਾ।

ਉਹਨਾਂ ਕਿਹਾ ਕਿ ਭਾਵੇਂ ਮੌਸਮ ਬੱਦਲਵਾਈ ਵਾਲਾ ਸੀ, ਪਰ ਸਿੱਖ ਸੰਗਤ ਨੇ ਉਹਨਾਂ ਅਤੇ ਉਹਨਾਂ ਦੇ ਪਤੀ ਨੂੰ ਇਸ ਅਨੁਭਵ ਰਾਹੀਂ ਜੋ ਧੁੱਪ ਵਰਗੀ ਖੁਸ਼ੀ ਬਖ਼ਸ਼ੀ, ਉਹ ਬਹੁਤ ਹੀ ਸੁਹਾਵਣੀ ਸੀ।ਧਾਰਮਿਕ ਸਮਾਗਮਾਂ ਵਿੱਚ ਰਾਗੀ, ਕਥਾਵਾਚਕ ਅਤੇ ਕਵੀਸ਼ਰੀ ਜੱਥਿਆਂ ਨੇ ਹਾਜ਼ਰੀ ਭਰੀ। ਭਾਈ ਮਹਿਲ ਸਿੰਘ ਜੀ ਦੇ ਜੱਥੇ ਨੇ ਜੋਸ਼ ਭਰੀ ਕਵੀਸ਼ਰੀ ਰਾਹੀਂ ਸੰਗਤ ਨੂੰ ਗੁਰ ਇਤਿਹਾਸ ਨਾਲ ਜੋੜਿਆ। ਭਾਈ ਗੋਪਾਲ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ, ਭਾਈ ਕਿਹਰ ਸਿੰਘ, ਭਾਈ ਜੋਗਿੰਦਰ ਸਿੰਘ ਅਤੇ ਭਾਈ ਜੀਤ ਸਿੰਘ ਦੇ ਕੀਰਤਨੀ ਜੱਥਿਆਂ ਨੇ ਰਸਭਿੰਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਜਦਕਿ ਭਾਈ ਜਗਬੀਰ ਸਿੰਘ ਜੀ ਨੇ ਕਥਾ ਰਾਹੀਂ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ। ਸਮਾਗਮਾਂ ਦੌਰਾਨ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

ਸੰਗਤ ਦੀ ਗਿਣਤੀ ਵਿੱਚ ਹਰ ਸਾਲ ਵਾਂਗ ਇਸ ਵਾਰ ਵੀ ਵੱਡਾ ਵਾਧਾ ਵੇਖਣ ਨੂੰ ਮਿਲਿਆ ਜਿਸ ਵਿੱਚ ਸਿਨਸਿਨਾਟੀ ਅਤੇ ਡੇਟਨ ਖੇਤਰ ਤੋਂ ਇਲਾਵਾ ਗੁਆਂਢੀ ਰਾਜਾਂ ਇੰਡੀਆਨਾ ਅਤੇ ਕੈਂਟਕੀ ਤੋਂ ਆਈਆਂ ਸੰਗਤਾਂ ਸ਼ਾਮਲਹ ਸਨ। ਕਈ ਗੈਰ-ਸਿੱਖ ਮਹਿਮਾਨਾਂ ਨੇ ਵੀ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਸਿੱਖ ਧਰਮ, ਪਰੰਪਰਾਵਾਂ ਅਤੇ ਸੇਵਾ-ਭਾਵਨਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ।ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ, ਸੇਵਾਦਾਰਾਂ, ਬੁਲਾਰਿਆਂ, ਡਾਕਟਰੀ ਟੀਮਾਂ ਅਤੇ ਨਗਰ ਕੀਰਤਨ ਦੌਰਾਨ ਸੇਵਾਵਾਂ ਨਿਭਾਉਣ ਲਈ ਵੈਸਟ ਚੈਸਟਰ ਪੁਲਿਸ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਹ ਸਮਾਗਮ ਸਿੱਖੀ, ਸੇਵਾ, ਵਿਰਾਸਤ, ਸਿੱਖਿਆ ਅਤੇ ਭਾਈਚਾਰਕ ਸਾਂਝ ਦਾ ਸੁੰਦਰ ਪ੍ਰਤੀਕ ਬਣ ਕੇ ਉਭਰਿਆ।

# ਭਾਰਤ ਅਤੇ ਅਰਮੀਨੀਆ ਨੇ ਰੱਖਿਆ ਸਹਿਯੋਗ ਨਾਲ ਸਬੰਧਤ ਮੁੱਦਿਆਂ 'ਤੇ ਕੀਤੀ ਚਰਚਾ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਅਰਮੀਨੀਆ ਦੇ ਆਰਮਡ ਫੋਰਸਿਜ਼ ਦੇ ਚੀਫ਼ ਆਫ਼ ਦ ਜਨਰਲ ਸਟਾਫ਼ ਲੈਫਟੀਨੈਂਟ ਜਨਰਲ ਐਡਵਰਡ ਅਸਰੀਆਨ ਨੇ ਬੁੱਧਵਾਰ ਨੂੰ ਰਾਜਧਾਨੀ ਵਿੱਚ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਰੱਖਿਆ ਸਹਿਯੋਗ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਗਈ।ਲੈਫਟੀਨੈਂਟ ਜਨਰਲ ਅਸਰੀਆਨ ਮੰਗਲਵਾਰ ਨੂੰ ਭਾਰਤ ਦੇ ਅਧਿਕਾਰਤ ਦੌਰੇ ਲਈ ਨਵੀਂ ਦਿੱਲੀ ਪਹੁੰਚੇ।

ਅਰਮੀਨੀਆ ਦੇ ਰੱਖਿਆ ਮੰਤਰਾਲੇ ਨੇ ਯ 'ਤੇ ਪੋਸਟ ਕੀਤਾ, "ਭਾਰਤ ਦੀ ਆਪਣੀ ਅਧਿਕਾਰਤ ਫੇਰੀ ਦੌਰਾਨ, ਅਰਮੀਨੀਆ ਗਣਰਾਜ ਦੇ ਪਹਿਲੇ ਉਪ ਰੱਖਿਆ ਮੰਤਰੀ, ਹਥਿਆਰਬੰਦ ਸੈਨਾਵਾਂ ਦੇ ਜਨਰਲ ਸਟਾਫ਼ ਦੇ ਮੁਖੀ, ਲੈਫਟੀਨੈਂਟ ਜਨਰਲ ਐਡਵਰਡ ਅਸਰੀਆਨ ਨੇ ਭਾਰਤ ਦੇ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਨਾਲ ਮੁਲਾਕਾਤ ਕੀਤੀ। "ਰੱਖਿਆ ਖੇਤਰ ਵਿੱਚ ਅਰਮੀਨੀਆ-ਭਾਰਤ ਸਹਿਯੋਗ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਇਸ ਵਿੱਚ ਅੱਗੇ ਕਿਹਾ ਗਿਆ ਹੈ।ਮੰਗਲਵਾਰ ਨੂੰ, ਲੈਫਟੀਨੈਂਟ ਜਨਰਲ ਐਡਵਰਡ ਅਸਰੀਆਨ ਨੇ ਹਵਾਈ ਸੈਨਾ ਦੇ ਮੁਖੀ ਏਅਰ ਚੀਫ਼ ਮਾਰਸ਼ਲ, ਏਪੀ ਸਿੰਘ ਨਾਲ ਇੱਕ ਮੀਟਿੰਗ ਕੀਤੀ, ਜਿਸ ਵਿੱਚ ਸੰਚਾਲਨ ਸਹਿਯੋਗ, ਅੰਤਰ-ਕਾਰਜਸ਼ੀਲਤਾ ਅਤੇ ਦੁਵੱਲੇ ਹਵਾਈ ਸ਼ਕਤੀ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਚਰਚਾ ਕੀਤੀ ਗਈ।

"ਭਾਰਤ ਦੇ ਸਰਕਾਰੀ ਦੌਰੇ 'ਤੇ ਅਰਮੀਨੀਆ ਦੇ ਹਥਿਆਰਬੰਦ ਬਲਾਂ ਦੇ ਜਨਰਲ ਸਟਾਫ ਦੇ ਮੁਖੀ ਲੈਫਟੀਨੈਂਟ ਜਨਰਲ ਐਡਵਰਡ ਅਸਰੀਆਨ ਨੇ ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏਪੀ ਸਿੰਘ ਨਾਲ ਮੁਲਾਕਾਤ ਕੀਤੀ। ਵਿਚਾਰ-ਵਟਾਂਦਰੇ ਕਾਰਜਸ਼ੀਲ ਸਹਿਯੋਗ, ਅੰਤਰ-ਕਾਰਜਸ਼ੀਲਤਾ ਅਤੇ ਦੁਵੱਲੇ ਹਵਾਈ ਸ਼ਕਤੀ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਸਨ," ਭਾਰਤੀ ਹਵਾਈ ਸੈਨਾ ਮੀਡੀਆ ਕੋਆਰਡੀਨੇਸ਼ਨ ਸੈਂਟਰ ਨੇ ਐਕਸ 'ਤੇ ਪੋਸਟ ਕੀਤਾ।

ਅਰਮੀਨੀਆ ਦੇ ਰੱਖਿਆ ਮੰਤਰਾਲੇ ਦੁਆਰਾ ਜਾਰੀ ਬਿਆਨ ਦੇ ਅਨੁਸਾਰ, ਦੋਵਾਂ ਅਧਿਕਾਰੀਆਂ ਨੇ ਰੱਖਿਆ ਖੇਤਰ ਵਿੱਚ ਦੁਵੱਲੇ ਸਹਿਯੋਗ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ। ਲੈਫਟੀਨੈਂਟ ਜਨਰਲ ਐਡਵਰਡ ਅਸਰੀਆਨ ਨੇ ਚੀਫ ਆਫ਼ ਡਿਫੈਂਸ ਸਟਾਫ (ਸੀਡੀਐਸ) ਜਨਰਲ ਅਨਿਲ ਚੌਹਾਨ ਨਾਲ ਮੁਲਾਕਾਤ ਕੀਤੀ ਅਤੇ ਫੌਜੀ ਹਾਰਡਵੇਅਰ ਦੇ ਵਿਕਾਸ ਵਿੱਚ ਸਾਂਝੇ ਉੱਦਮ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ।

"ਜਨਰਲ ਅਨਿਲ ਚੌਹਾਨ ਸੀਡੀਐਸ ਨੇ ਭਾਰਤ ਦੀ ਆਪਣੀ ਸਰਕਾਰੀ ਫੇਰੀ ਦੌਰਾਨ ਅਰਮੀਨੀਆ ਦੇ ਜਨਰਲ ਸਟਾਫ ਦੇ ਮੁਖੀ ਲੈਫਟੀਨੈਂਟ ਜਨਰਲ ਐਡਵਰਡ ਅਸਰੀਆਨ ਨਾਲ ਵਿਚਾਰ-ਵਟਾਂਦਰਾ ਕੀਤਾ। ਜਨਰਲ ਅਫਸਰ ਦਾ ਸੀਡੀਐਸ ਦੁਆਰਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ," ਹੈੱਡਕੁਆਰਟਰ ਆਫ਼ ਏਕੀਕ੍ਰਿਤ ਰੱਖਿਆ ਸਟਾਫ ਨੇ ਐਕਸ ਨੂੰ ਤਾਇਨਾਤ ਕੀਤਾ।

"ਇਹ ਸ਼ਮੂਲੀਅਤ ਭਾਰਤ-ਅਰਮੀਨੀਆ ਰੱਖਿਆ ਸਬੰਧਾਂ ਦੀ ਨਿਰੰਤਰ ਤਰੱਕੀ ਨੂੰ ਦਰਸਾਉਂਦੀ ਹੈ। ਦੋਵਾਂ ਧਿਰਾਂ ਨੇ ਫੌਜੀ ਹਾਰਡਵੇਅਰ ਦੇ ਵਿਕਾਸ ਵਿੱਚ ਸਾਂਝੇ ਉੱਦਮਾਂ ਲਈ ਰਾਹਾਂ ਦੀ ਵੀ ਖੋਜ ਕੀਤੀ, ਇੱਕ ਮਜ਼ਬੂਤ, ਭਵਿੱਖ-ਮੁਖੀ ਅਤੇ ਆਪਸੀ ਲਾਭਦਾਇਕ ਰਣਨੀਤਕ ਭਾਈਵਾਲੀ ਪ੍ਰਤੀ ਆਪਣੀ ਸਾਂਝੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਇਸ ਵਿੱਚ ਅੱਗੇ ਕਿਹਾ ਗਿਆ ਹੈ।ਅਰਮੀਨੀਆ ਦੇ ਰੱਖਿਆ ਮੰਤਰਾਲੇ ਦੁਆਰਾ ਜਾਰੀ ਬਿਆਨ ਦੇ ਅਨੁਸਾਰ, ਦੋਵਾਂ ਅਧਿਕਾਰੀਆਂ ਨੇ ਰੱਖਿਆ ਖੇਤਰ ਵਿੱਚ ਭਾਰਤ ਅਤੇ ਅਰਮੀਨੀਆ ਵਿਚਕਾਰ ਸਹਿਯੋਗ ਦੇ ਮੌਜੂਦਾ ਕੋਰਸ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ।

"ਪਾਰਟੀਆਂ ਨੇ ਰੱਖਿਆ ਖੇਤਰ ਵਿੱਚ ਅਰਮੀਨੀਆ ਅਤੇ ਭਾਰਤ ਵਿਚਕਾਰ ਸਹਿਯੋਗ ਦੇ ਮੌਜੂਦਾ ਕੋਰਸ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ, ਦੁਵੱਲੇ ਸਹਿਯੋਗ ਯੋਜਨਾ ਦੇ ਢਾਂਚੇ ਦੇ ਅੰਦਰ ਕੀਤੀਆਂ ਗਈਆਂ ਗਤੀਵਿਧੀਆਂ ਦੇ ਨਤੀਜਿਆਂ ਦਾ ਸਾਰ ਦਿੱਤਾ," ਅਰਮੀਨੀਆ ਦੇ ਰੱਖਿਆ ਮੰਤਰਾਲੇ ਨੇ ਐਕਸ ਨੂੰ ਪੋਸਟ ਕੀਤਾ।"ਮੀਟਿੰਗ ਦੇ ਅੰਤ ਵਿੱਚ, ਕਈ ਪੇਸ਼ੇਵਰ ਖੇਤਰਾਂ ਵਿੱਚ ਸਹਿਯੋਗ ਨੂੰ ਡੂੰਘਾ ਕਰਨ 'ਤੇ ਸਮਝੌਤੇ ਕੀਤੇ ਗਏ," ਇਸ ਵਿੱਚ ਅੱਗੇ ਕਿਹਾ ਗਿਆ ਹੈ।


CENTRAL VALLEY
FIRST.
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
VIN
KRUTTIVENTI
FOR CONGRESS
★ WIN ★
WITH VIN
ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਸ਼੍ਰੋਮਣੀ ਲੋਕ ਗਾਇਕ ਤੇ ਗੀਤਕਾਰ ਪਾਲੀ ਦੇਤਵਾਲੀਆ ਦੇ ਨੌਜਵਾਨ ਪੁੱਤਰ ਦਾ ਦੇਹਾਂਤ

ਲੁਧਿਆਣਾ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਿਤ ਸ਼੍ਰੋਮਣੀ ਪੰਜਾਬੀ ਲੋਕ ਗਾਇਕ ਤੇ ਗੀਤਕਾਰ ਸਭਾ ਪੰਜਾਬ ਦੇ ਪ੍ਰਧਾਨ ਪਾਲੀ ਦੇਤਵਾਲੀਆ ਦੇ ਨੌਜਵਾਨ ਪੁੱਤਰ ਮਨਜੋਤ ਸਿੰਘ ਜਿਸ ਦਾ ਕੱਲ੍ਹ ਸੰਖੇਪ ਬੀਮਾਰੀ ਉਪਰੰਤ ਲੁਧਿਆਣਾ ਦੇ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ ਸੀ , ਉਸਨੂੰ ਅੱਜ ਇਲਾਕਾ ਵਾਸੀਆਂ, ਪਾਲੀ ਦੇਤਵਾਲੀਆ ਦੇ ਪ੍ਰਸ਼ੰਸਕ ਹਜ਼ਾਰਾਂ ਪੰਜਾਬੀਆਂ ਵੱਲੋਂ ਪਿੰਡ ਦੇਵਤਵਾਲ(ਲੁਧਿਆਣਾ) ਦੇ ਸ਼ਮਸ਼ਾਨਘਾਟ ਵਿੱਚ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ ਗਈ।

ਮਨਜੋਤ ਸਿੰਘ ਸਿਰਫ਼ 35 ਸਾਲ ਦਾ ਸੀ ਅਤੇ ਪਿਛਲੇ ਅੱਠ ਸਾਲ ਤੋਂ ਪਿੰਡ ਨੇੜੇ ਬਣੀ ਇੱਕ ਵਿਕਸਤ ਕਾਲੋਨੀ ਵਿੱਚ ਨੌਕਰੀ ਕਰ ਰਿਹਾ ਸੀ। ਆਪਣੇ ਪਿੱਛੇ ਉਹ ਆਪਣੀ ਪਤਨੀ ਤੇ ਮਾਸੂਮ ਬੇਟਾ ਬੇਟੀ ਨੂੰ ਪਿੱਛੇ ਛੱਡ ਗਏ ਹਨ। ਪਾਲੀ ਦੇਤਵਾਲੀਆ ਨਾਲ ਹਮਦਰਦੀ ਪ੍ਰਗਟ ਕਰਨ ਵਾਲਿਆਂ ਵਿੱਚ ਸ਼ਾਮਲ ਦਾਖਾ ਹਲਕੇ ਦੇ ਵਿਧਾਇਕ ਮਨਪ੍ਰੀਤ ਸਿੰਘ ਅਯਾਲੀ, ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ,ਪਵਨ ਦੀਵਾਨ,ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ , ਲੋਕ ਗਾਇਕ ਜਸਵੰਤ ਸੰਦੀਲਾ ਤੇ ਜ਼ਿਲ੍ਹਾ ਲੁਧਿਆਣਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਪੁਨੀਤਪਾਲ ਸਿੰਘ ਗਿੱਲ ਨੇ ਵਿੱਛੜੇ ਨੌਜਵਾਨ ਮਨਜੋਤ ਸਿੰਘ ਦੀ ਦੇਹ ਤੇ ਦੋਸ਼ਾਲਾ ਤੇ ਪੁਸ਼ਪ ਮਾਲਾਵਾਂ ਭੇਂਟ ਕੀਤੀਆਂ। ਇਸ ਮੌਕੇ ਉੱਘੇ ਲੇਖਕ ਤੇ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਸਕੱਤਰ ਜਨਰਲ ਡਾ, ਨਿਰਮਲ ਸਿੰਘ ਜੌੜਾ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ,ਮੀਤ ਪ੍ਰਧਾਨ ਡਾ. ਗੁਰਚਰਨ ਕੌਰ ਕੋਚਰ,ਲੋਕ ਗਾਇਕ ਰਣਜੀਤ ਮਣੀ,ਸੁੱਖ ਚਮਕੀਲਾ,ਆਤਮਾ ਸਿੰਘ ਬੁੱਢੇਵਾਲੀਆ, ਯੁੱਧਵੀਰ ਮਾਣਕ, ਨਰਿੰਦਰ ਨਿੰਦੀ, ਸਰੂਪ ਨਾਭਾ,ਸਤਪਾਲ ਕਿੰਨੜਾ, ਉੱਘੇ ਗੀਤਕਾਰ ਅਮਰੀਕ ਸਿੰਘ ਤਲਵੰਡੀ, ਅਸ਼ਵਨੀ ਵਰਮਾ, ਸੇਵਾ ਸਿੰਘ ਨੌਰਥ, ਸੁਖਬੀਰ ਸੰਧੇ, ਪੰਜਾਬ ਕਲਚਰਲ ਸੋਸਾਇਟੀ ਦੇ ਪ੍ਰਧਾਨ ਰਵਿੰਦਰ ਰੰਗੂਵਾਲ, ਦਲਵਿੰਦਰ ਦਿਆਲਪੁਰੀ,ਸੰਗੀਤਕਾਰ ਕਰਨ ਪ੍ਰਿੰਸ, ਨਾਰਾਇਣ ਨਿੰਦੀ,ਮੰਜੂ ਮਾਨ,ਅਮਰਜੀਤ ਸ਼ੇਰਪੁਰੀ, ਕੰਵਲਜੀਤ ਸਿੰਘ ਸ਼ੰਕਰ,ਪੰਜਾਬੀ ਸੱਭਿਆਚਾਰਕ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ , ਟਹਿਲ ਸਿੰਘ ਖੀਵਾ ,ਵਰਿਆਮ ਸਰੋਆ ਤੇ ਮਲਵਿੰਦਰ ਚੰਨੋ ਤੇ ਇੰਗਲੈਂਡ ਤੋਂ ਗੀਤਕਾਰ ਚੰਨ ਜੰਡਿਆਲਵੀ ਨੇ ਵੀ ਇਸ ਮੌਕੇ ਦੇਤਵਾਲੀਆ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

# ਯੂ.ਏ.ਈ ਵੱਲੋਂ ਤੇਲ ਉਤਪਾਦਕ ਦੇਸ਼ਾਂ ਦਾ ਸਮੂਹ 'ਓਪੇਕ' ਛੱਡਣ ਦਾ ਐਲਾਨ!

ਦੁਬਈ
ਸਾਂਝੀ ਸੋਚ ਬਿਊਰੋ




ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ ਵਿਚ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੇ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਹੈ ਕਿ ਉਹ ਤੇਲ ਉਤਪਾਦਕ ਦੇਸ਼ਾਂ ਦੇ ਸਮੂਹ ਓਪੇਕ ਤੇ ਓਪੇਕ+ ਤੋਂ ਬਾਹਰ ਹੋ ਰਿਹਾ ਹੈ। ਯੂ.ਏ.ਈ. ਦੀ ਸਰਕਾਰੀ ਸਮਾਚਾਰ ਏਜੰਸੀ ਮੁਤਾਬਕ, ਦੇਸ਼ 1 ਮਈ 2026 ਤੋਂ ਇਸ ਸੰਗਠਨ ਦੀ ਮੈਂਬਰਸ਼ਿਪ ਛੱਡ ਦੇਵੇਗਾ। ਯੂ.ਏ.ਈ. ਦੇ ਊਰਜਾ ਮੰਤਰੀ ਨੇ ਦੱਸਿਆ ਕਿ ਇਹ ਫੈਸਲਾ ਊਰਜਾ ਖੇਤਰ, ਪੈਟਰੋਲੀਅਮ ਸੈਕਟਰ ਅਤੇ ਹੋਰ ਰਣਨੀਤੀਆਂ ਦੀ ਬਾਰੀਕੀ ਨਾਲ ਸਮੀਖਿਆ ਕਰਨ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਦੁਨੀਆਂ ਨੂੰ ਵਧੇਰੇ ਊਰਜਾ ਦੀ ਲੋੜ ਪਵੇਗੀ ਅਤੇ ਮੰਗ ਵਿਚ ਵਾਧਾ ਹੋਵੇਗਾ, ਜਿਸ ਕਾਰਨ ਯੂ.ਏ.ਈ. ਨੇ ਮਹਿਸੂਸ ਕੀਤਾ ਕਿ ਇਹ ਨੀਤੀਗਤ ਫੈਸਲਾ ਲੈਣ ਦਾ ਸਹੀ ਸਮਾਂ ਹੈ।

ਊਰਜਾ ਮੰਤਰੀ ਅਨੁਸਾਰ, ਹੋਰਮੁਜ਼ ਸਟ੍ਰੇਟ ਵਿਚ ਚੱਲ ਰਹੀਆਂ ਰੁਕਾਵਟਾਂ ਕਾਰਨ ਤੇਲ ਬਾਜ਼ਾਰ ਪਹਿਲਾਂ ਹੀ ਅਸਥਿਰ ਹੈ। ਦੱਸ ਦੇਈਏ ਕਿ ਇਹ ਰਸਤਾ ਦੁਨੀਆਂ ਦੇ ਲਗਭਗ ਪੰਜਵੇਂ ਹਿੱਸੇ ਦੇ ਕੱਚੇ ਤੇਲ ਅਤੇ ਐੱਲ.ਐੱਨ.ਜੀ. ਲਈ ਬੇਹੱਦ ਮਹੱਤਵਪੂਰਨ ਹੈ, ਪਰ ਇਰਾਨ ਦੀਆਂ ਧਮਕੀਆਂ ਅਤੇ ਜਹਾਜ਼ਾਂ 'ਤੇ ਹਮਲਿਆਂ ਕਾਰਨ ਇੱਥੇ ਸਥਿਤੀ ਤਣਾਅਪੂਰਨ ਬਣੀ ਹੋਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਯੂ.ਏ.ਈ. ਦਾ ਇਹ ਕਦਮ ਓਪੇਕ ਦੇ ਅਸਲੀ ਨੇਤਾ ਸਾਊਦੀ ਅਰਬ ਲਈ ਇੱਕ ਵੱਡਾ ਝਟਕਾ ਹੈ।

ਇਸ ਦੇ ਨਾਲ ਹੀ, ਇਸ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇੱਕ ਵੱਡੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ, ਜੋ ਲੰਬੇ ਸਮੇਂ ਤੋਂ ਓਪੇਕ 'ਤੇ ਤੇਲ ਦੀਆਂ ਕੀਮਤਾਂ ਵਧਾ ਕੇ ਦੁਨੀਆਂ ਦਾ ਸ਼ੋਸ਼ਣ ਕਰਨ ਦੇ ਦੋਸ਼ ਲਗਾਉਂਦੇ ਰਹੇ ਹਨ। ਯੂ.ਏ.ਈ. ਹਾਲ ਹੀ ਦੇ ਦਿਨਾਂ ਵਿਚ ਹੋਰ ਅਰਬ ਦੇਸ਼ਾਂ ਦੀ ਇਸ ਗੱਲੋਂ ਵੀ ਆਲੋਚਨਾ ਕਰਦਾ ਰਿਹਾ ਹੈ ਕਿ ਇਰਾਨੀ ਹਮਲਿਆਂ ਦੌਰਾਨ ਉਨ੍ਹਾਂ ਨੇ ਯੂ.ਏ.ਈ. ਦੀ ਸੁਰੱਖਿਆ ਲਈ ਲੋੜੀਂਦੇ ਕਦਮ ਨਹੀਂ ਚੁੱਕੇ। ਯੂ.ਏ.ਈ. ਦੇ ਕੂਟਨੀਤਕ ਸਲਾਹਕਾਰ ਅਨਵਰ ਗਰਗਾਸ਼ ਨੇ ਕਿਹਾ ਕਿ ਗਲਫ ਕੋਆਪਰੇਸ਼ਨ ਕੌਂਸਲ (ਜੀ.ਸੀ.ਸੀ.) ਦੇ ਦੇਸ਼ਾਂ ਦਾ ਸਿਆਸੀ ਅਤੇ ਫੌਜੀ ਰੁਖ ਇਤਿਹਾਸਕ ਤੌਰ 'ਤੇ ਸਭ ਤੋਂ ਕਮਜ਼ੋਰ ਰਿਹਾ ਹੈ।

# ਭਾਰਤੀ ਨਾਗਰਿਕ ਨੂੰ ਲੱਖਾਂ ਡਾਲਰ ਦੀ ਧੋਖਾਧੜੀ ਲਈ 41 ਮਹੀਨੇ ਕੈਦ ਦੀ ਸਜ਼ਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਇੱਕ ਭਾਰਤੀ ਨਾਗਰਿਕ ਨੂੰ ਟੈਲੀਫੋਨ ਸੇਵਾ ਪ੍ਰਦਾਤਾਵਾਂ ਅਤੇ ਬੀਮਾ ਕੰਪਨੀਆਂ ਨਾਲ ਲੱਖਾਂ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ 41 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸੰਘੀ ਵਕੀਲਾਂ ਨੇ ਇਹ ਜਾਣਕਾਰੀ ਸਾਂਝੀ ਕੀਤੀ। 35 ਸਾਲਾ ਧਨੰਜਯ ਸਿੰਘ ਨੂੰ ਅਮਰੀਕੀ ਜ਼ਿਲ੍ਹਾ ਜੱਜ ਮੈਡਲੀਨ ਕੌਕਸ ਅਰਲੀਓ ਦੇ ਸਾਹਮਣੇ ਮੇਲ ਧੋਖਾਧੜੀ ਕਰਨ ਦੀ ਸਾਜ਼ਿਸ਼ ਅਤੇ ਚੋਰੀ ਹੋਈ ਜਾਇਦਾਦ ਨੂੰ ਅੰਤਰਰਾਜੀ ਤਬਦੀਲ ਕਰਨ ਦੀ ਸਾਜ਼ਿਸ਼ ਦੇ ਇੱਕ-ਇੱਕ ਦੋਸ਼ ਵਿਚ ਦੋਸ਼ੀ ਮੰਨਿਆ।

ਅਦਾਲਤੀ ਦਸਤਾਵੇਜ਼ਾਂ ਅਤੇ ਅਦਾਲਤ ਵਿਚ ਦਿੱਤੇ ਗਏ ਬਿਆਨਾਂ ਅਨੁਸਾਰ, ਧਨੰਜਯ ਸਿੰਘ ਜੂਨ 2013 ਤੋਂ ਜੂਨ 2019 ਤੱਕ ਇਸ ਯੋਜਨਾ ਵਿਚ ਸ਼ਾਮਲ ਸੀ। ਉਸਨੇ ਅਤੇ ਉਸਦੇ ਸਾਥੀਆਂ ਨੇ ਗੁੰਮ ਹੋਏ, ਚੋਰੀ ਹੋਏ ਜਾਂ ਖਰਾਬ ਹੋਏ ਸੈਲੂਲਰ ਡਿਵਾਈਸਾਂ ਲਈ ਧੋਖਾਧੜੀ ਵਾਲੇ ਦਾਅਵੇ ਪੇਸ਼ ਕਰਨ ਲਈ ਚੋਰੀ ਕੀਤੇ ਅਤੇ ਜਾਅਲੀ ਪਛਾਣਾਂ ਦੀ ਵਰਤੋਂ ਕੀਤੀ। ਇਹ ਦਾਅਵੇ ਯੂ.ਐੱਸ. ਡਾਕ ਸੇਵਾ ਅਤੇ ਹੋਰ ਤੀਜੀ-ਧਿਰ ਕੈਰੀਅਰਾਂ ਰਾਹੀਂ ਬਦਲਵੇਂ ਡਿਵਾਈਸਾਂ ਪ੍ਰਾਪਤ ਕਰਨ ਲਈ ਭੇਜੇ ਗਏ ਸਨ। ਵਕੀਲਾਂ ਨੇ ਕਿਹਾ ਕਿ ਸਮੂਹ ਨੇ ਨਿਊਜਰਸੀ ਸਮੇਤ ਪੂਰੇ ਸੰਯੁਕਤ ਰਾਜ ਵਿਚ ਮੇਲਬਾਕਸਾਂ ਅਤੇ ਸਟੋਰੇਜ ਯੂਨਿਟਾਂ ਦਾ ਇੱਕ ਨੈੱਟਵਰਕ ਬਣਾਈ ਰੱਖਿਆ। ਬਦਲਵੇਂ ਡਿਵਾਈਸਾਂ ਨੂੰ ਇਨ੍ਹਾਂ ਸਥਾਨਾਂ 'ਤੇ ਭੇਜਿਆ ਗਿਆ, ਸਟੋਰ ਕੀਤਾ ਗਿਆ ਅਤੇ ਬਾਅਦ ਵਿਚ ਸੰਯੁਕਤ ਰਾਜ ਤੋਂ ਬਾਹਰ ਤੀਜੀਆਂ ਧਿਰਾਂ ਨੂੰ ਵੇਚ ਦਿੱਤਾ ਗਿਆ।

ਇਸ ਘੁਟਾਲੇ ਦੇ ਨਤੀਜੇ ਵਜੋਂ ਸੈਲੂਲਰ ਸੇਵਾ ਪ੍ਰਦਾਤਾਵਾਂ ਅਤੇ ਬੀਮਾ ਕੰਪਨੀਆਂ ਨੂੰ ਲੱਖਾਂ ਡਾਲਰ ਦਾ ਨੁਕਸਾਨ ਹੋਇਆ। ਜੇਲ੍ਹ ਦੀ ਸਜ਼ਾ ਤੋਂ ਇਲਾਵਾ, ਜੱਜ ਅਰਲੀਓ ਨੇ ਸਿੰਘ ਨੂੰ ਤਿੰਨ ਸਾਲ ਦੀ ਨਿਗਰਾਨੀ ਅਧੀਨ ਰਿਹਾਈ ਦੀ ਸਜ਼ਾ ਸੁਣਾਈ ਅਤੇ ਉਸਨੂੰ 10 ਮਿਲੀਅਨ ਡਾਲਰ ਤੋਂ ਵੱਧ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ। ਯੂ.ਐੱਸ. ਅਟਾਰਨੀ ਰੌਬਰਟ ਫਰੇਜ਼ੀਅਰ ਨੇ ਕਿਹਾ ਕਿ ਕਈ ਏਜੰਸੀਆਂ ਨੇ ਜਾਂਚ ਵਿਚ ਯੋਗਦਾਨ ਪਾਇਆ। ਇਨ੍ਹਾਂ ਵਿਚ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ, ਯੂ.ਐੱਸ. ਡਾਕ ਨਿਰੀਖਣ ਸੇਵਾ, ਹੋਮਲੈਂਡ ਸੁਰੱਖਿਆ ਜਾਂਚ, ਯੂ.ਐੱਸ. ਕਸਟਮਜ਼ ਅਤੇ ਸਰਹੱਦੀ ਸੁਰੱਖਿਆ ਅਤੇ ਵਿਦੇਸ਼ ਵਿਭਾਗ ਦੀ ਡਿਪਲੋਮੈਟਿਕ ਸੁਰੱਖਿਆ ਸੇਵਾ ਸ਼ਾਮਲ ਹੈ।

## ਨਾਂ ਦੀ ਬਦਲੀ

ਮੈਂ, ਦੀਪਕ ਪੁੱਤਰ ਰਾਜਿੰਦਰ ਸਿੰਘ ਪਿੰਡ ਘੋਗਰੀਪੁਰ, ਤਹਿਸੀਲ ਅਤੇ ਜ਼ਿਲ੍ਹਾ ਕਰਨਾਲ, ਹਰਿਆਣਾ, ਭਾਰਤ ਦਾ ਰਹਿਣ ਵਾਲਾ ਹਾਂ। ਮੈਂ ਆਪਣਾ ਨਾਮ ਦੀਪਕ ਤੋਂ ਬਦਲ ਕੇ ਦੀਪਕ ਮਾਨ ਰੱਖ ਲਿਆ ਹੈ। ਹੁਣ ਤੋਂ ਮੇਰਾ ਪਹਿਲਾ ਨਾਮ ਦੀਪਕ ਅਤੇ ਆਖਰੀ ਨਾਮ ਮਾਨ ਹੋਵੇਗਾ। ਸਬੰਧਿਤ ਨੋਟ ਕਰਨ।

## Change Of Name

I,Deepak S/o Rajinder Singh R/o Vilage Ghogripur, Tehsil & District Karnal, Haryana, India state that I wish to change my name from Deepak to Deepak Maan for the future. My first name will be Deepak and last name will be Maan. All concerned please note.



# ਅਮਰੀਕਾ ਤੋਂ ਮੈਕਸੀਕੋ

ਐਤਕੀਂ ਇੰਡੀਆ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਸੀ ।ਅਮਰੀਕਾ ਦੇ ਪੱਕੇ ਕਾਗਜ ਮਿਲਣ ਤੋ ਬਾਅਦ ਮੈਂ ਦੋ ਸਾਲਾਂ ਵਿੱਚ ਪਿੰਡ ਤਿੰਨ ਗੇੜੇ ਮਾਰ ਆਇਆ ਸੀ । ਫਿਰ ਸੋਚਿਆ ਚੱਲੋ ਅਮਰੀਕਾ ਵਿੱਚ ਪਿਛਲੇ ਛੱਬੀ ਸਾਲਾਂ ਤੋ ਹੱਡ ਭੰਨਵੀ ਕਮਾਈ ਕੀਤੀ ਹੈ ।ਇਸ ਸਾਲ ਸਮੁੰਦਰ ਨਾਲ ਟੁੱਟੀ ਗੰਢ ਆਉਂਦੇ ਹਾ । ਮੈਂ ਸਮੁੰਦਰੀ ਜਹਾਜ਼ ਵਿੱਚੋ ਜੌਬ ਕਰਦਾ ਹੋਇਆ ਅੱਧ ਵਿਚਕਾਰੋ ਮਿਆਮੀ ਫ਼ਲੋਰੀਡਾ ਉੱਤਰ ਗਿਆ ਸੀ ।ਉਸ ਸਮੇਂ ਦਾ ਸਮੁੰਦਰ ਨਾਲ ਉਧਾਰ ਸੀ । ਜਨਵਰੀ ਵਿੱਚ ਰੌਇਲ ਪ੍ਰੈਂਸਾਂਸਿ ਕਰੂਜ਼ ਛਿੱਪ ਦਾ ਲਾਸ਼ ਐਨਜਲੈਸ ਤੋ ਕਾਬੋ ਸੈਨ ਲੂਕਸ਼ ਮਾਝਾਟੇਲਾਨ ਤੇ ਪੋਰਟੋ ਬਲਾਰਟਾ ਮੈਕਸੀਕੋ ਦਾ ਟੂਰ ਬੁੱਕ ਕਰਵਾ ਦਿੱਤਾ ।

ਸੈਕਰਾਮੈਂਟੋ ਤੋ ਐੱਲ ਏ ਦੀ ਡੈਲਟਾ ਏਅਰਲਾਈਨ ਦੀ ਫਲਾਈਟ ਬੁੱਕ ਕਰਵਾ ਦਿੱਤੀ । ਅਠਾਰਾਂ ਅਪ੍ਰੈਲ ਨੂੰ ਮੈਂ ਸਾਢੇ ਸੱਤ ਵਜੇ ਘਰੋਂ ਏਅਰਪੋਰਟ ਨੂੰ ਚੱਲ ਪਿਆ ਸੀ ਤੇ ਨੌਂ ਪੰਜਤਾਲੀ ਤੇ ਜਹਾਜ਼ ਵਿੱਚ ਬੈਠ ਗਿਆ ਸੀ । ਸਮਾਂ ਕੱਢਣ ਲਈ ਮੈਂ ਗਿੱਲ ਰੌਤੇ ਦੀ ਕਿਤਾਬ ਹੈਲੋ ! ਮੈ ਲਾਹੋਰ ਤੋ ਬੋਲਦਾ ਹਾਂ..! ਪੜਨ ਲੱਗ ਗਿਆ ਪੜਦਿਆਂ ਪਤਾ ਨਹੀਂ ਲੱਗਿਆ ਕਦੋਂ ਜਹਾਜ਼ ਦੇ ਉਤਰਨ ਦੇ ਬੋਲ ਕੰਨੀ ਗੂੰਜ ਗਏ ।ਜਹਾਜ ਵਿੱਚੋ ਉੱਤਰ ਕੇ ਆਪਣਾ ਸੂਟਕੇਸ ਬੈਲਟ ਤੇ ਝੂਟੇ ਲੈਂਦਾ ਚੱਕ ਲਿਆ ਸੀ ।ਏਅਰਪੋਰਟ ਨੂੰ ਦੇਖਦਿਆ ਲੱਗਦਾ ਸੀ ਕਿ ਸਾਰਾ ਜਹਾਨ ਹੀ ਜਹਾਜ਼ਾ ਵਿੱਚ ਉੱਡਿਆ ਫਿਰਦਾ ਹੈ । ਬਹੁਤ ਭੀੜ ਸੀ ।ਬਾਹਰ ਨਿਕਲਣ ਤੇ ਪਤਾ ਲੱਗਿਆ ਕਿ ਏਅਰਪੋਰਟ ਏਰੀਆ ਤੋ ਬਾਹਰ ਬੱਸ ਰਾਹੀਂ ਬਾਹਰ ਨਿਕਲੋ ਫਿਰ ਤੁਸੀਂ ਟੈਕਸੀ ਜਾ ਉਬਰ ਲੈ ਸਕਦੇ ਹੋ । ਫਿਰ ਮੈਂ ਇੰਜ ਹੀ ਕੀਤਾ । ਪੰਜ ਮਿੰਟਾਂ ਵਿੱਚ ਉਬਰ ਆ ਗਈ । ਐਲ਼ੇ ਦੀਆਂ ਸੜਕਾਂ ਤੇ ਕਾਫ਼ੀ ਟਰੈਫਿਕ ਸੀ ।ਚਾਲੀ ਮਿੰਟ ਬਾਅਦ ਓਬਰ ਵਾਲੇ ਨੇ ਮੈਨੂੰ ਛਿੱਪ ਦੇ ਬੂਹੇ ਅੱਗੇ ਉਤਾਰ ਦਿੱਤਾ ਸੀ । ਉਤਰਨ ਸਾਰ ਹੀ ਛਿੱਪ ਦੇ ਕਾਮੇ ਮੇਰੇ ਸੂਟਕੇਸ ਨੂੰ ਇੰਜ ਪੈ ਗਏ ਜਿਵੇਂ ਫੁੱਫੜ ਦੇ ਕੇਲਿਆਂ ਵਾਲੇ ਝੋਲੇ ਨੂੰ ਜਵਾਕ ਪੈਂਦੇ ਹਨ। ਸੂਟਕੇਸ ਜਮ੍ਹਾਂ ਕਰਵਾ ਕੇ ਆਗਹ ਦੇਖਿਆ ਤਾ ਘੁੰਮਣ ਘੇਰੀਆਂ ਵਿੱਚ ਲੱਗੀ ਦੋ ਕਿਲੋਮੀਟਰ ਦੀ ਲਾਈਨ ਤ੍ਰਾਹ ਕੱਢ ਰਹੀ ਸੀ । ਦੁਪਹਿਰ ਦਾ ਇੱਕ ਵੱਜ ਚੁੱਕਾ ਸੀ ਤੇ ਤਿੰਨ ਵਜੇ ਸਿੱਪ ਦੇ ਤੁਰਨ ਦਾ ਟਾਈਮ ਸੀ ਮੇਰਾ ਦਿਲ ਘਬਰਾ ਰਿਹਾ ਸੀ ਕਿ ਕਰੂਜ਼ ਮੈਨੂੰ ਛੱਡ ਹੀ ਨਾ ਜਾਵੇ । ਧੁੱਪੇ ਖੜੇ ਲੋਕ ਵੀ ਹੱਸ ਹੱਸ ਗੱਲਾਂ ਕਰਦੇ ਹੋਏ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ । ਕੋਈ ਵੀ ਸਾਡੇ ਪੰਜਾਬੀਆਂ ਵਾਂਗ ਧੱਕੇ ਮੁੱਕੇ ਨਹੀਂ ਹੋ ਰਿਹਾ ਸੀ । ਮੈਂ ਵੀ ਵਾਰੀ ਅਨੁਸਾਰ ਸਕਿਉਰਟੀ ਕਰਵਾ ਕੇ ਇਮੀਗਰੇਸਨ ਤੋ ਪਾਰ ਹੋਇਆ ਤਾ ਅੱਗੇ ਸਿੱਪ ਵਾਲਿਆ ਨੇ ਇੱਕ ਤਵੀਤ ( ਮਡਾਂਲੀਅਨ )ਜਿਹਾ ਗਲ ਵਿੱਚ ਪਾ ਕੇ ਮੇਰੀ ਸਾਰੀ ਜ਼ੁੰਮੇਵਾਰੀ ਚੁੱਕਣ ਦਾ ਵਾਅਦਾ ਕਰ ਲਿਆ ਸੀ । ਅਮਰੀਕਾ ਸਮੇਂ ਦਾ ਪਾਬੰਦ ਹੈ । ਪੂਰੇ ਸਾਢੇ ਤਿੰਨ ਵਜੇ ਬਿਗਲ ਵੱਜ ਗਿਆ । ਪੂਰੇ ਜੋਸੋ ਗਰੋਸ਼ ਨਾਲ ਸਿੱਪ ਪਾਣੀ ਦੀ ਹਿੱਕ ਨੂੰ ਚੀਰਦਾ ਖੁੱਲੇ ਸਮੁੰਦਰ ਨੂੰ ਸਿੱਧਾ ਹੋ ਗਿਆ ।ਵੱਖੋ ਵੱਖਰੇ ਦੇਸ਼ਾਂ ਦੇ ਵੱਖਰੇ ਵੱਖਰੇ ਲੋਕਾਂ ਦੇ ਚਹਿਰਿਆ ਤੇ ਨਵੀਂ ਯਾਤਰਾ ਦਾ ਚਾਅ ਦੇਖਿਆ । ਛੋਟੇ ਬੱਚਿਆਂ ਤੋਂ ਲੈ ਕੇ ਬੁੱਢੇ ਜੋੜਿਆਂ ਦੀ ਜੋਟੀ ਉਹਨਾਂ ਨੂੰ ਪੰਜਾਹ ਸੱਠ ਸਾਲ ਪਿੱਛੇ ਲੈ ਗਈ ਲੱਗਦੀ ਸੀ ।

ਸਿੱਪ ਦੀ ਅੰਦਰਲੀ ਜਾਣ ਪਹਿਚਾਣ ਗਲ ਵਿੱਚ ਪਾਇਆ ਤਵੀਤ ਕੰਮਿਪੂਟਰ ਦਾ ਮੂੰਹ ਚੁੰਮ ਕੇ ਕਰਵਾ ਦਿੰਦਾ ਸੀ । ਕਮਰੇ ਦੇ ਬੂਹੇ ਤੇ ਲੱਗੀ ਸਕਰੀਨ ਤੇ ਆਪਣਾ ਤਵੀਤ ਤੇ ਮੂੰਹ ਵਖਾਉ ਤਾ ਬੂਹਾ ਖੁੱਲ੍ਹ ਜਾਂਦਾ ਸੀ । ਕਮਰੇ ਵਿੱਚ ਜਾ ਕੇ ਟੀਵੀ ਔਨ ਕਰਕੇ ਸਿੱਪ ਦੀ ਸੈਫਟੀ ਬਾਰੇ ਪੰਜ ਮਿੰਟ ਦੀ ਵੀਡੀਉ ਦੇਖੀ ਜੋ ਬਹੁਤ ਜਰੂਰੀ ਹੁੰਦੀ ਹੈ । ਕੱਪੜੇ ਬਦਲ ਕੇ ਕੁਝ ਖਾਣ ਨੂੰ ਦਿਲ ਕੀਤਾ ਮੈਰਿਜ ਪੈਲਸਾ ਵਾਂਗ ਖਾਣੇ ਦੇ ਖੁੱਲ੍ਹੇ ਸਟਾਲ ਸਨ । ਮੈਂ ਪੁੱਛਿਆ ਕਿ ਖਾਣ ਲਈ ਪੈਸੇ ਕਿੱਥੇ ਦੇਈਏ ਤਾ ਪਤਾ ਲੱਗਿਆ ਕਿ ਇਹ ਸਭ ਕੁਝ ਤੁਹਾਡੇ ਖਰੀਦੇ ਪੈਂਕਜ ਵਿੱਚ ਹੀ ਹੈ ।ਲੋੜ ਅਨੁਸਾਰ ਖਾਹ ਪੀ ਕੇ ਸ਼ਿੱਪ ਦਾ ਗੇੜਾ ਕੱਢਿਆ ਤਾ ਪਤਾ ਲੱਗਾ ਕਿ ਸ਼ੌਲਾਂ ਮੰਜ਼ਿਲਾਂ ਹਨ । ਸਤਰਾਵੀਂ ਤੇ ਅਠਾਰਵੀਂ ਮੰਜ਼ਿਲ ਤੇ ਸਪੋਰਟ ਜੌਨ ਹੈ । ਵੱਖੋ ਵੱਖਰੀ ਮੰਜ਼ਿਲ ਵਿੱਚ ਵੱਖੋ ਵੱਖਰੇ ਫੰਨ ਕੇਂਦਰ ਹਨ । ਜਿੱਥੇ ਖਾਣਾ ਮੁਫ਼ਤ ਵਾਂਗ ਦਿੱਤਾ ਜਾਂਦਾ ਹੈ ਉੱਥੇ ਥਾਂ ਥਾਂ ਤੇ ਖੁੱਲੀਆਂ ਬਾਰਾਂ ਨਿੱਕੇ ਨਿੱਕੇ ਪੈਂਗ ਮਹਿੰਗੇ ਭਾਅ ਵੇਚਦੀਆਂ ਹਨ । ਜਿਵੇਂ ਸਾਡੇ ਪੰਜਾਬੀ ਵਿਆਹ ਵਿੱਚ ਮਿਲਦੀ ਮੁਫ਼ਤ ਦੀ ਸ਼ਰਾਬ ਰੱਜ ਕੇ ਪੀਂਦੇ ਹਨ ਉਂਝ ਹੀ ਇੱਥੇ ਇਹ ਲੋਕ ਮੁੱਲ ਲੈ ਕੇ ਆਪਣਾ ਸ਼ੌਕ ਪਗਾਂਉਦੇ ਹਨ । ਸੋਲਵੀਂ ਮੰਜ਼ਿਲ ਤੇ ਬਣਿਆ ਸਮੀਮਿੰਗ ਪੂਲ ਦੇ ਦੁਆਲੇ ਦੋ ਬਾਰਾਂ ਨੇ ਨਾਲੇ ਲੋਕ ਨਹਾਈ ਜਾਂਦੇ ਨੇ ਨਾਲੇ ਬੀਅਰ ਤੇ ਸ਼ਰਾਬ ਪੀ ਜਾਂਦੇ ਨੇ ।ਉਂਝ ਸਿੱਪ ਤੇ ਬਹੁਤ ਵਧੀਆ ਨਜ਼ਾਰਾ ਆ ਰਿਹਾ ਸੀ । ਮੇਰਾ ਵੀ ਬਹੁਤ ਚਿਰ ਦਾ ਇਹ ਸੁਪਨਾ ਸੀ ਕਿ ਇੱਕ ਦਿਨ ਕਰੂਜ ਤੇ ਜਰੂਰ ਜਾਣਾ ਹੈ । ਬੇਸ਼ੱਕ ਮੈਂ ਵੀ ਸੀ ਮੈਨ ਰਹਿ ਚੁੱਕਿਆ ਹਾਂ ਪਰ ਹੁਣ ਦੇ ਸਮੇਂ ਨੇ ਬਹੁਤ ਕੁਝ ਬਦਲ ਕੇ ਰੱਖ ਦਿੱਤਾ ਹੈ ਉਸ ਟਾਈਮ ਘਰ ਦੀ ਗਰੀਬੀ ਕੱਢਣ ਲਈ ਸਿੱਪ ਚੜਿਆ ਸੀ ਤੇ ਅੱਜ ਅਮੀਰੀ ਦੇ ਚੌਜ਼ ਕਰਨ ਲਈ ,ਖੈਰ ! ਜੇ ਤੁਸੀਂ ਵੀ ਜਿੰਦਗੀ ਦੇ ਚਾਰ ਦਿਨ ਮਾਨਣੇ ਹਨ ਤਾ ਇੱਕ ਵਾਰ ਜ਼ਰੂਰ ਆਇਉ ਪਰ ਜੇ ਪਾਣੀ ਤੋ ਡਰਦੇ ਹੋ ਫਿਰ ਇਹ ਪੰਗਾ ਨਾ ਲਿਉ । ਕਿਉ ਕੇ ਬਹੁਤ ਲੋਕ ਬਿਮਾਰ ਵੀ ਹੋ ਜਾਂਦੇ ਹਨ ।

ਪੁੱਛਣ ਤੇ ਪਤਾ ਲੱਗਿਆ ਕਿ ਸਿੱਪ ਵਿੱਚ ਤੇਰਾ ਸੋ ਬੰਦਾ ਕੰਮ ਕਰਦਾ ਹੈ ਤੇ ਘੁੰਮਣ ਵਾਲਿਆਂ ਦੀ ਗਿਣਤੀ ਛੱਤੀ ਸੋ ਹੈ ਕੁੱਲ ਮਿਲਾ ਕੇ ਪੰਜ ਹਜ਼ਾਰ ਜਾਨਾਂ ਰੱਬ ਤੇ ਸਾਇੰਸ ਦੇ ਸਹਾਰੇ ਧਰਤੀ ਨੂੰ ਛੱਡ ਕੇ ਸਮੁੰਦਰ ਦੀ ਹਿੱਕ ਤੇ ਤਰਦੇ ਜਾ ਰਹੇ ਸਨ।ਰਾਤ ਨੂੰ ਪੰਜਵੀਂ ਮੰਜ਼ਿਲ ਤੇ ਬਣਿਆ ਡਾਂਸ ਕਲੱਬ ਹੋਰ ਰੌਣਕਾਂ ਲਾਉਂਦਾ ਹੈ । ਲੋਕ ਬਿਨਾਂ ਜਾਤ ਪਾਤ ਬਿਨਾਂ ਰੰਗਾਂ ਦੇ ਵਖਰੇਵੇਂ ਤੇ ਵੱਖੋ ਵੱਖਰੇ ਦੇਸ਼ਾਂ ਦੇ ਲੋਕ ਮਾਮੇ ਭੂਆ ਦੇ ਪੁੱਤਾਂ ਵਾਂਗ ਨੱਚਦੇ ਨੇ । ਜੋੜੀਆਂ ਵੀ ਨੱਚੀ ਜਾਂਦੀਆਂ ਨੇ ਤੇ ਜਿਹਨੇ ਜਿਸਦੀ ਬਾਂਹ ਫੜਲੀ ਉਹ ਵੀ ਨੱਚੀ ਜਾਂਦਾ ਹੈ । ਲੋਕ ਖੂਬ ਅਨੰਦ ਲੈ ਰਹੇ ਹਨ । ਇੱਕ ਬੀਬੀ ਮਿੱਸ ਪੂਜਾ ਬਣੀ ਗਾਣੇ ਦੱਬੀ ਜਾਂਦੀ ਸੀ ਤੇ ਚੌਬਰ ਲਲਕਾਰੇ ਮਾਰੀ ਜਾਂਦੇ ਸੀ ।

ਮੈਨੂੰ ਇੱਕ ਗੱਲ ਦੀ ਖੁਸ਼ੀ ਬਹੁਤ ਹੋਈ ਕਿ ਕਰੂਜ਼ ਦੇ ਬਹੁਤੇ ਕਾਮੇ ਇੰਡੀਆ ਦੇ ਵੱਖ ਵੱਖ-ਵੱਖ ਸੂਬਿਆਂ ਤੋਂ ਆ ਕੇ ਕੰਮ ਕਰਦੇ ਹਨ ।ਇਸ ਟੂਰ ਤੇ ਮੈਂ ਇੱਕਲਾ ਹੀ ਆਇਆ ਸੀ ।ਆਪਣੇ ਯਾਰਾਂ ਦੋਸਤਾਂ ਨੂੰ ਪੁੱਛਿਆ ਸੀ ਕਿ ਚੱਲੋ ਮੇਰੇ ਨਾਲ ਪਰ ਕਿਸੇ ਨੇ ਹਾਂ ਦਾ ਹੁੰਗਾਰਾ ਨਹੀਂ ਭਰਿਆ ਤੇ ਫਿਰ ਮੈਂ ਸਵਾਂ ਲੱਖ ਹੀ ਤੁਰ ਪਿਆ ਸੀ । ਹੁਣ ਇੱਥੇ ਦਾ ਮਾਹੌਲ ਦੇਖ ਕੇ ਪਤਾ ਲੱਗਿਆ ਕਿ ਬੰਦਾ ਆਵੇ ਹੀ ਇਕੱਲਾ ਤੇ ਫ਼ਨ ਬਹੁਤਾ ਹੁੰਦਾ ਹੈ ।

ਸਿੱਪ ਦੀ ਪਹਿਲੀ ਰਾਤ ਇੰਜ ਨਿਕਲੀ ਜਿਵੇਂ ਕਈ ਸਾਲਾਂ ਬਾਅਦ ਰੱਜ ਕੇ ਨੀਂਦ ਆਈ ਹੋਵੇ ਜਿਵੇ ਨਿੱਕੇ ਹੁੰਦਿਆਂ ਨੂੰ ਮਾਂ ਦੀ ਗੋਦੀ ਸਵਰਗਾਂ ਦਾ ਝੂਟਾ ਦੇ ਦਿੰਦੀ ਸੀ । ਸਵੇਰੇ ਉੱਠਿਆਂ ਸਮੁੰਦਰ ਵਾਲੇ ਪਾਸੇ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲ ਕੇ ਦੇਖਿਆ । ਠੰਡੀ ਠੰਡੀ ਹਵਾ ਕੰਨਾਂ ਨਾਲ ਟਿੱਚਰਾਂ ਕਰ ਕੇ ਲੰਘਦੀ ਸੀ । ਜਿਵੇ ਦੋਵੇ ਹੱਥਾਂ ਨਾਲ ਮੇਰੇ ਮੁੱਖੜੇ ਨੂੰ ਲੈ ਕੇ ਮੱਥਾ ਚੁੰਮ ਕੇ ਲੰਘ ਰਹੀ ਹੋਵੇ ।ਫਰੈਸ਼ ਹੋ ਕਮਰੇ ਵਿੱਚੋਂ ਬਾਹਰ ਨਿਕਲਿਆਂ ਤਾ ਦੇਖਿਆ ਲੋਕ ਆਠਾਰਵੀ ਮੰਜ਼ਿਲ ਤੇ ਦੌੜ ਰਹੇ ਨੇ ਕੋਈ ਤੁਰ ਰਿਹਾ ਹੈ । ਮੈ ਮਿੱਸ ਵਿੱਚੋਂ ਬਲੈਕ ਕੌਫੀ ਪੀਤੀ ਤੇ ਚਾਰ ਮੀਲਾਂ ਦਾ ਪੈਂਡਾਂ ਤੁਰ ਲਿਆ । ਦਮ ਲੈ ਬ੍ਰੇਕ ਫ਼ਾਸਟ ਕੀਤਾ ।ਇਹ ਪਹਿਲੀ ਸਵੇਰ ਅਮਰੀਕਾ ਦੇ ਵਿੱਚ ਕੀਤੀ ਮਿਹਨਤ ਦਾ ਮੁੱਲ ਮੋੜ ਗਈ ।

ਨਹਾਉਣ ਤੋਂ ਪਹਿਲਾਂ ਸੋਚਿਆ ਕਿ ਸਵੀਮਿੰਗ ਪੂਲ ਦਾ ਨਜ਼ਾਰਾ ਵੀ ਲੈ ਲਈਏ । ਪਿੰਡ ਸੂਏ ਵਿੱਚ ਜਾਂ ਕਦੇ ਕਦੇ ਸੁਧਾਰ ਵਾਲੀ ਨਹਿਰ ਵਿੱਚ ਨਹਾਉਣ ਵਾਲਾ ਅੱਜ ਸਮੁੰਦਰੀ ਪਾਣੀ ਤੇ ਦੋ ਸੌ ਫੁੱਟ ਉੱਚੇ ਬਣੇ ਸਵੀਮਿੰਗ ਪੂਲ ਵਿੱਚ ਗੋਰੇ ਗੋਰੀਆਂ ਨਾਲ ਤਾਰੀਆਂ ਲਾ ਰਿਹਾ ਸੀ ਇਹ ਸਭ ਅਮਰੀਕਾ ਦੀ ਹੀ ਦੇਣ ਹੈ ਐਨੇ ਜੋਗੇ ਕਿੱਥੇ ਸੀ । ਪੂਲ ਦੇ ਸਾਹਮਣੇ ਲੱਗੀ ਸਿਨੇਮੇ ਜਿੱਡੀ ਸਕਰੀਨ ਤੇ ਮੂਵੀ ਚੱਲ ਰਹੀ ਸੀ । ਇੱਕ ਖੂੰਜੇ ਪੀਜ਼ਾ ਤੇ ਦੂਜੇ ਖੂੰਜੇ ਹੌਟ ਡੌਗ ਖਵਾਏ ਜਾ ਰਹੇ ਸਨ । ਪੀਣ ਵਾਲੇ ਬੀਅਰ ਬਾਰ ਦੇ ਕਾਉਂਟਰ ਦੁਆਲੇ ਇੰਜ ਚੁੰਬੜੇ ਹੋਏ ਸਨ ਜਿਵੇਂ ਅਸੀਂ ਗਰਮੀ ਦੇ ਦਿਨਾਂ ਵਿੱਚ ਕੁਲਫੀ ਵਾਲੇ ਦੁਆਲੇ ਚੁੰਬੜੇ ਹੁੰਦੇ ਸੀ ।ਕਿਸੇ ਨੂੰ ਕਿਸੇ ਨਾਲ ਕੋਈ ਮਤਲਬ ਨਹੀਂ ਸੀ ।ਮਤਲਬ ਹੀ ਬੰਦੇ ਨੂੰ ਲਾਲਚੀ, ਕੰਜੂਸ , ਖੁਦਗਰਜ ਬਣਾ ਦਿੰਦਾ ਹੈ । ਖ਼ਾਸ ਕਰਕੇ ਅੱਜ ਕੱਲ ਦੇ ਲੋਕ ਇੰਜ ਹੀ ਕਰਨ ਲੱਗ ਪਏ ਨੇ ਕਿ ਜੇ ਆਇਆ ਤਾ ਕੀ ਲੈ ਕੇ ਆਇਆ ਤੇ ਜੇ ਗਿਆ ਤਾ ਕੀ ਦੇ ਕੇ ਗਿਆ । ਬੰਦਾ ਹੋਣਾ ਤਾ ਅਮੀਰ ਚਾਹੁੰਦਾ ਹੈ ਪਰ ਆਪਣੀ ਜ਼ਮੀਰ ਗਰੀਬ ਕਰ ਲੈਦਾ ਹੈ ਕਾਸ਼ ! ਅਸੀਂ ਪੂਲ ਵਾਲੇ ਲੋਕਾਂ ਵਾਂਗ ਜਾਂ ਕਰੂਜ਼ ਤੇ ਤੁਰੇ ਫਿਰਦੇ ਲੋਕਾਂ ਵਾਂਗ ਬੇ ਫ਼ਿਕਰੇ ਤੇ ਮਤਲਬ ਰਹਿਤ ਹੋ ਜਾਈਏ ਯਾਰਾਂ ਦੋਸਤਾਂ ਰਿਸ਼ਤੇਦਾਰਾਂ ਦੇ ਨਾਲ ਚਲਾਕੀਆਂ ਤੇ ਮਤਲਬ ਤੋ ਬਿਨਾਂ ਵੀ ਵਰਤ ਵਰਤਾਵਾ ਰੱਖੀਏ ਤਾ ਬਹੁਤ ਮਾਨਸਿਕ ਤੇ ਸਰੀਰਕ ਬਿਮਾਰੀਆਂ ਤੋ ਬਚ ਸਕਦੇ ਹਾਂ ।

ਇੱਥੇ ਲੋਕ ਵਿਆਹ ਦੀ ਵਰ੍ਹੇਗੰਢ ਜਨਮ ਦਿਨ , ਰਾਇਟਾਇਰਮੈਂਟ ਪਾਰਟੀ ਜਾਂ ਕੋਈ ਹੋਰ ਖੁਸ਼ੀ ਮਨਾਉਣ ਆਉਂਦੇ ਹਨ । ਪ੍ਰੇਮੀ ਜੋੜੇ ਵੀ ਧਰਤੀ ਦਾ ਮੋਹ ਛੱਡ ਕੇ ਸਮੁੰਦਰ ਵਿੱਚ ਤੁਰੇ ਫਿਰਦੇ ਵੱਡੇ ਹੋਟਲ ਵਿੱਚ ਬਾਹਾਂ ਦੇ ਹਾਰ ਬਣਾ ਕੇ ਇੱਕ ਦੂਜੇ ਦੇ ਗਲ ਪਾਉਂਦੇ ਹਨ । । ਮੇਰੇ ਤੋ ਇਲਾਵਾ ਮੈਨੂੰ ਇੱਕ ਪੰਜਾਬੀ ਜੋੜਾ ਮਿਲਿਆ । ਜੋ ਬਹੁਤੀ ਗੱਲ ਕਰਨ ਦੇ ਹੱਕ ਵਿੱਚ ਨਹੀਂ ਸੀ ਲੱਗਦਾ ਸਿਰਫ਼ ਫਤਹਿ ਦੀ ਸਾਂਝ ਹੀ ਹੋ ਸਕੀ ਸੀ ।ਹੋਰ ਕੋਈ ਵੀ ਪੰਜਾਬੀ ਨਹੀਂ ਸੀ । ਕਮਰੇ ਵਿੱਚ ਆ ਕੇ ਨਹਾਉਣ ਤੋ ਬਾਅਦ ਕਿਤਾਬ ਪੜਨ ਲੱਗ ਗਿਆ ਪਤਾ ਨਹੀਂ ਲੱਗਾ ਕਦੋ ਨੀਂਦ ਆ ਗਈ । ਹੁਣ ਸਰੀਰ ਨੇ ਭੋਜਨ ਲਈ ਅਵਾਜ਼ ਲਗਾਈ । ਮੈ ਮਿੱਸ ਵਿੱਚ ਜਾ ਕੇ ਲੋੜ ਅਨੁਸਾਰ ਖਾਣਾ ਖਾਦਾਂ , ਖਾਣਾ ਬਹੁਤ ਹੀ ਵਧੀਆ ਤੇ ਸਵਾਦ ਸੀ । ਹਰੇਕ ਦੇਸ਼ ਦੀਆਂ ਮਸ਼ਹੂਰ ਡਿਸ਼ਾਂ ਪਰੋਸੀਆਂ ਹੋਈਆਂ ਸਨ । ਮਿੱਠੇ ਵਿੱਚ ਵਿਆਹ ਤੋਂ ਵੱਧ ਆਈਟਮਾਂ ਸਨ । ਖਾਣੇ ਦਾ ਲਾਲਚ ਹਰੇਕ ਦੇਸ਼ ਦੇ ਨਿਵਾਸੀ ਨੂੰ ਹੀ ਹੈ ਮੈਂ ਇੱਥੇ ਅੱਖੀਂ ਵੀ ਦੇਖਿਆ ਹੈ ਲੋੜ ਤੋਂ ਵੱਧ ਪਲੇਟਾਂ ਵਿੱਚ ਪਾਇਆ ਖਾਣਾ, ਜੋ ਖਾਹ ਤਾ ਹੁੰਦਾ ਨਹੀ ਖਰਾਬ ਜਿਆਦਾ ਹੁੰਦਾ ਹੈ । ਜਿਵੇਂ ਸਾਡੇ ਗੁਰਦੁਆਰੇ ਨਗਰ ਕੀਰਤਨਾਂ ਵਿੱਚ ਅਸੀਂ ਸਾਰੇ ਦੇਖਦੇ ਹੀ ਹਾਂ । ਬਾਬਿਆਂ ਦੇ ਦਿਨ ਮਨਾਉਣੇ ਤਾ ਸਾਨੂੰ ਆ ਗਏ ਪਰ ਬਾਬੇ ਜੋ ਕਹਿ ਕੇ ਗਏ ਨੇ ਉਹ ਸਾਨੂੰ ਮੰਨਣਾ ਨਹੀਂ ਆਇਆ । ਦਸਾ ਨੂੰਹਾਂ ਦੀ ਕਿਰਤ ਤੇ ਰੁੱਖੀ ਮਿੱਸੀ ਖਾ ਕੇ ਠੰਡਾ ਪਾਣੀ ਪੀਣ ਦੇ ਸਿਧਾਂਤ ਨੂੰ ਪਤਾ ਨਹੀਂ ਕਿੱਥੇ ਦੱਬ ਦਿੱਤਾ ਹੈ । ਰੱਜੇ ਲੋਕਾਂ ਨੂੰ ਖਾਣੇ ਦੀ ਲੋੜ ਨਹੀਂ ਹੁੰਦੀ ਉਹ ਤਾ ਲੰਗਰ ਵਿੱਚੋ ਸਵਾਦ ਭਾਲਦੇ ਹਨ। ਭੁੱਖਾ ਬੰਦਾ ਸਵਾਦ ਨਹੀਂ ਰੋਟੀ ਭਾਲਦਾ ਹੈ ।ਖਾਣੇ ਨੂੰ ਖਰਾਬ ਕਰਨਾ ਵੱਡੀ ਮੂਰਖਤਾ ਹੁੰਦੀ ਹੈ । ਖੈਰ ! ਕੌਫ਼ੀ ਤਾ ਸਾਰਾ ਦਿਨ ਚਲਦੀ ਰਹਿੰਦੀ ਹੈ ।ਅੱਠਵੀਂ ਮੰਜ਼ਿਲ ਤੇ ਸਾਪਿੰਗ ਸੈਟਰ ਹੈ ਜਿੱਥੇ ਤੁਹਾਨੂੰ ਹਰੇਕ ਕਿਸਮ ਦਾ ਸਮਾਨ ਮਿਲ ਜਾਵੇਗਾ । ਜੇਬ ਦੀ ਇਜਾਜ਼ਤ ਨਾਲ ਲੋਕ ਸਮਾਨ ਖ਼ਰੀਦਦੇ ਨੇ ।ਥਾਂ ਥਾਂ ਬਣੀਆਂ ਬਾਰਾਂ ਤੁਹਾਨੂੰ ਸ਼ਾਮ ਦੀ ਉਡੀਕ ਨਹੀਂ ਕਰਨ ਦਿੰਦੀਆਂ । ਜਦੋਂ ਮਰਜ਼ੀ ਪੀਣ ਦਾ ਮੂਡ ਬਣਾ ਲਵੋ । ਜਦੋ ਲਹੂ ਰੰਗੀ ਵਾਈਨ ਦਾ ਗਲਾਸ ਗੋਰੀਆਂ ਦੇ ਰੱਥਾਂ ਵਿੱਚ ਫੜਿਆ ਦੇਖ ਕੇ ਅੱਖਾਂ ਮਲਕੇ ਦੇਖਣਾ ਪੈਂਦਾ ਸੀ ਜੱਦ ਗੁਲਾਬੀ ਬੁੱਲ੍ਹਾਂ ਨੂੰ ਲਹੂ ਰੰਗੀ ਵਾਈਨ ਚੁੰਮਦੀ ਹੈ ।ਤਾ ਸਰੀਰ ਵਿੱਚ ਇੱਕ ਸ਼ਰਾਰਤ ਜਿਹੀ ਸਿੜਦੀ ਸੀ ।ਪੂਲ ਦੇ ਬੈਚਾਂ ਤੇ ਪਾਣੀ ਵਿੱਚੋਂ ਨਿਕਲ ਕੇ ਗੋਰੀਆਂ ਇੰਜ ਪਈਆਂ ਸਨ ਜਿਵੇਂ ਲੰਮੀਆਂ ਲੰਮੀਆਂ ਮੂਲੀਆਂ ਧੋ ਕੇ ਧੁੱਪੇ ਪਾਈਆਂ ਹੋਣ । ਲੱਗਦਾ ਸੀ ਸਾਰਾ ਹੁਸਨ ਹੀ ਸਿੱਪ ਚੜ ਆਇਆ ਹੋਵੇ ।ਇੱਕ ਅੰਗਰੇਜ਼ੀ ਬੋਲੀ ਹੀ ਹੈ ਜੋ ਤੁਸੀਂ ਬੋਲ ਕੇ ਕਿਤੇ ਵੀ ਸ਼ਬਦਾਂ ਦੀ ਅਦਲਾ ਬਦਲੀ ਕਰ ਸਕਦੇ ਹੋ । ਫਿਰ ਤੁਸੀਂ ਇੱਕਲੇ ਨਹੀਂ ਕਹਿ ਸਕਦੇ ਤੁਹਾਨੂੰ ਸਾਰਾ ਜਹਾਨ ਹੀ ਆਪਣਾ ਲੱਗੂਗਾ ।ਮੈਂ ਵੀ ਕਰੂਜ਼ ਤੇ ਇਕੱਲਾ ਹੁੰਦਿਆ ਸਾਰਿਆਂ ਨਾਲ ਬੋਲ ਚਾਲ ਰਿਹਾ ਸੀ ।ਮੈਂ ਦੇਖਿਆ ਲੋਕ ਇੱਕ ਦੂਜੇ ਨਾਲ ਗੱਲਾਂ ਕਰਨੀਆਂ ਚਹੁੰਦੇ ਹਨ । ਕਰੂਜ਼ ਦੀ ਸੋਲਵੀਂ ਮੰਜ਼ਿਲ ਤੇ ਇੱਕ ਪਰੀਆਂ ਵਰਗੀ ਗੋਰੀ ਫੋਨ ਤੇ ਹੱਥਾਂ ਦੇ ਦੋਵੇਂ ਅੰਗੂਠਿਆਂ ਨਾਲ ਕੁਝ ਲਿਖ ਰਹੀ ਸੀ ਤੇ ਬੁੱਲ੍ਹਾਂ ਦੀਆ ਗੁਲਾਬੀ ਪੱਤੀਆਂ ਹਲਕੀ ਹਲਕੀ ਸ਼ਰਾਰਤ ਕਰ ਰਹੀਆਂ ਸਨ । ਮੈਂ ਹੋਲੀ ਹੋਲੀ ਕੋਲ ਨੂੰ ਗਿਆ ਤਾ ਉਸ ਨੇ ਮੂੰਹ ਉਤਾਂਹ ਚੁੱਕ ਕੇ ਪਹਿਲਾਂ ਹੀ ਕਹਿ ਦਿੱਤਾ ਕਿ ਮੌਸਮ ਕਿੰਨਾ ਸੋਹਣਾ ਹੈ । ਫਿਰ ਪਤਾ ਨਹੀਂ ਲੱਗਾ ਕਦੋਂ ਦੋ ਘੰਟੇ ਬੀਤ ਗਏ ।ਗੋਰੀ ਦਾ ਨਾਮ ਰੇਨੀ ਸੀ ਉਹ ਓਕਲੈਂਡ ਸਹਿਰ ਤੋ ਸੀ ਤੇ ਸ਼ਨਫਰਾਂਸਿਸਕੋ ਵਧੀਆ ਜੌਬ ਤੇ ਲੱਗੀ ਹੋਈ ਹੈ ਤੇ ਆਪਣੀ ਸਹੇਲੀ ਨਾਲ ਆਈ ਹੋਈ ਸੀ । ਉਸ ਦਾ ਇਹ ਤੀਜਾ ਕਰੂਜ਼ ਦਾ ਗੇੜਾ ਸੀ । ਉਸ ਦੇ ਮੁੱਖੜੇ ਦੀ ਰੌਣਕ ਤੇ ਲਾਲੀ ਜਿੰਦਗੀ ਦਲੇਰੀ ਨਾਲ ਜਿਉਣਾ ਸਿਖਾ ਰਹੀ ਸੀ । ਕਿਉਂਕਿ ਘੜੀ ਤੇ ਬੀਤੀ ਘੜੀ ਵਾਪਸ ਨਹੀਂ ਆਉਂਦੀ ।

ਕਰੂਜ਼ ਤੇ ਤੁਹਾਨੂੰ ਹਰੇਕ ਚਿਹਰਾ ਖਿੜਿਆ ਮਿਲੇਗਾ । ਤੁਸੀਂ ਵੀ ਖਿੜ ਜਾਓਗੇ ਜੇ ਆਪਣੀਆਂ ਜ਼ਿੰਮੇਵਾਰੀਆਂ ਦਾ ਝੋਲਾ ਮੋਢੇ ਤੋ ਲਾਹ ਕੇ ਘਰੇ ਰੱਖ ਕੇ ਜਾਓਗੇ । ਮੈਂ ਬੁੱਢਿਆਂ ਜੋੜਿਆਂ ਨਾਲ ਬਹੁਤ ਗੱਲਾਂ ਕੀਤੀਆਂ ਉਹਨਾਂ ਨੇ ਆਪਣੇ ਜਿੰਦਗੀ ਦੇ ਤਜਰਬੇ ਸਾਂਝੇ ਕੀਤੇ । ਇੱਕ ਬਾਬਾ ਕਹਿੰਦਾ ਮੈ ਜੈਸ਼ਿਕਾ ਨਾਲ ਪੰਜ ਸਾਲ ਪਿਆਰ ਕੀਤਾ ਤੇ ਫਿਰ ਵਿਆਹ ਕਰਵਾ ਲਿਆ ਤੇ ਪੰਜ ਸਾਲ ਵਿਆਹ ਚੱਲਿਆ ਫਿਰ ਤਲਾਕ ਹੋ ਗਈ । ਪੰਜ ਸਾਲ ਤਲਾਕ ਚੱਲਿਆ ਤੇ ਫਿਰ ਅਸੀਂ ਦੁਬਾਰਾ ਵਿਆਹ ਕਰਵਾ ਲਿਆ । ਬਾਬਾ ਕਹਿੰਦਾ ਨਾ ਇਹਨੂੰ ਮੇਰੇ ਤੋ ਚੰਗਾ ਲੱਭਿਆ ਨਾ ਮੈਨੂੰ ਇਸ ਤੋ ਚੰਗੀ ਮਿਲੀ । ਹੁਣ ਪਿਛਲੇ ਤੀਹ ਸਾਲਾਂ ਤੋ ਟਿੱਚ ਬਟਨਾਂ ਦੀ ਜੋੜੀ ਬਣੇ ਹੋਏ ਆ । ਬਾਬਾ ਕਹਿੰਦਾ ਆਪਣੇ ਪਾਰਟਨਰ ਤੇ ਭਰੋਸਾ ਰੱਖੋ ਤੇ ਅੱਖ ਵੀ ਬੰਦ ਨਾ ਕਰੋ । ਬਹੁਤੇ ਗੋਰੇ ਚੰਮਾਂ ਵਾਲੇ ਅਕਸਰ ਧੋਖਾਂ ਦੇ ਹੀ ਜਾਂਦੇ ਨੇ । ਕਿਉਂਕਿ ਸ਼ਿਕਾਰੀ ਗੋਰੇ ਮਾਸ ਨੂੰ ਲੱਬਦਾ ਹੈ । ਬਾਕੀ ਸਮੇਂ ਦਾ ਕੋਈ ਪਤਾ ਨਹੀਂ ਲੱਗਦਾ ਨਿਭਾਉਣ ਵਾਲੇ ਤਾ ਕੱਚੇ ਘੜੇ ਤੇ ਵੀ ਤਰ ਜਾਂਦੇ ਹਨ ।

ਜਿੱਥੇ ਹੁਸਨ ਕਿੱਕਲੀ ਪਾਉਂਦਾ ਦੇਖਿਆ ਉੱਥੇ ਮਾਮਤਾ ਵੀ ਆਪਣੇ ਦਿਲ ਦੇ ਟੁਕੜੇ ਨੂੰ ਹਿੱਕ ਨਾਲ ਲਾਈ ਦੇਖੀ । ਦੋ ਚਾਰ ਮਹੀਨਿਆਂ ਦੇ ਬੱਚੇ ਚੁੱਕੀ ਫਿਰਦੀਆਂ ਮਾਵਾਂ ਦੇਖ ਕਿ ਮਨ ਨੇ ਇੱਕ ਹਾਉਕਾਂ ਭਰਿਆ। ਕਿ ਮਾਂ ਮਾਂ ਹੀ ਹੁੰਦੀ ਹੈ ਚਾਹੇ ਉਹ ਘਰ ਹੋਵੇ ਚਾਹੇ ਬਾਹਰ ਘੁੰਮਣ ਆਈ ਹੋਵੇ । ਬਹੁਤੀ ਥਾਂਵਾਂ ਤੇ ਲੋਕ ਕਿਤਾਬਾਂ ਪੜ ਰਹੇ ਸਨ ।ਸੋਲਾਂ ਘੰਟੇ ਚੱਲਦਾ ਮਿਊਜ਼ਿਕ ਨੱਚਣ ਲਾਈ ਮਜਬੂਰ ਕਰਦਾ ਸੀ ।

ਮੈਂ ਕਰੂਜ਼ ਤੇ ਕੰਮ ਕਰ ਰਹੇ ਆਪਣੇ ਇੰਡੀਅਨ ਮੁੰਡਿਆਂ ਨਾਲ ਗੱਲਾਂ ਕਰਨ ਲੱਗ ਜਾਂਦਾ ਸੀ । ਮੈਨੂੰ ਇੰਜ ਲੱਗਦਾ ਜਿਵੇਂ ਉਹ ਵੀ ਮੇਰੇ ਨਾਲ ਘੁੰਮਦੇ ਹੋਣ । ਨਵੇਂ ਲਏ ਬੂਟਾਂ ਨੇ ਪੈਰ ਤੇ ਛਾਲਾਂ ਕਰਤਾ ਤਾ ਇੱਕ ਇੰਡੀਅਨ ਬਾਈ ਨਿਤਿਨ ਨੇ ਆਪਣੇ ਕਮਰੇ ਵਿੱਚੋਂ ਬੈਂਡਿਡ ਲਿਆ ਕੇ ਦਿੱਤਾ । ਪਾਣੀ ਦੀ ਬੋਤਲ ਮੁੱਲ ਮਿਲਦੀ ਹੈ ਪਰ ਕੇਰਲਾਂ ਦੇ ਬਾਈ ਨੇ ਕਦੇ ਪੈਸੇ ਨਹੀਂ ਲਏ । ਕਹਿੰਦਾ ਮੈਂ ਸਿੱਖਾਂ ਨੂੰ ਜਾਣਦਾ ਹਾਂ ਤੁਸੀਂ ਤਾ ਵੱਡੇ ਵੱਡੇ ਲੰਗਰ ਲਾਉਂਦੇ ਹੋ । ਮੈਂ ਉਹਨਾਂ ਨਾਲ ਸਮੁੰਦਰੀ ਜਹਾਜ਼ ਵਿੱਚ ਕੰਮ ਕੀਤੇ ਦੀਆਂ ਗੱਲਾਂ ਸਣਾਉਦਾ ਸੀ । ਸਿੱਪ ਐਨਾ ਵੱਡਾ ਸੀ ਪਤਾ ਨਹੀਂ ਲੱਗਦਾ ਸੀ ਕਿ ਕਦੋਂ ਪੂਰੇ ਦਿਨ ਵਿੱਚ ਅੱਠ ਨੌਂ ਮੀਲਾਂ ਦਾ ਪੈਰਾ ਦਾ ਜੋੜਾ ਸਫ਼ਰ ਤਹਿ ਕਰ ਲੈਂਦਾ ਸੀ । ਲੋਕਾਂ ਦੇ ਤੇ ਸਿੱਪ ਦੇ ਨਜ਼ਾਰੇ ਦੇਖਦਾ ਮੈਂ ਆਪਣੇ ਕਮਰੇ ਵਿੱਚ ਸੌਣ ਚਲਾ ਗਿਆ । ਚੱਲਦਾ ।

ਮੇਜਰ ਸਿੰਘ ਕੁਲਾਰ
916 273 2856

# ਫਰਿਜ਼ਨੋ ਨਿਵਾਸੀ ਮਨਜੀਤ ਸਿੰਘ ਪੱਤੜ ਨੇ 33 ਘੰਟੇ 'ਚ ਬਾਈਕ 'ਤੇ 1587 ਮੀਲ ਦੀ ਰਾਈਡ ਪੂਰੀ ਕੀਤੀ

ਫਰਿਜ਼ਨੋ
ਸਾਂਝੀ ਸੋਚ ਬਿਊਰੋ

ਪਿਛਲੇ ਸਮੇਂ ਦੌਰਾਨ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਵੱਖ-ਵੱਖ ਸ਼ਹਿਰਾਂ ਵਿਚ ਖ਼ਾਲਸਾ ਜੀ ਦਾ ਪ੍ਰਗਟ ਦਿਹਾੜਾ ਮਨਾਇਆ ਗਿਆ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਨਿਵਾਸੀ ਮਨਜੀਤ ਸਿੰਘ ਪੱਤੜ ਜੋ ਪੰਜਾਬੀ ਰਾਈਡਰਜ਼ ਆਫ ਅਮਰੀਕਾ ਦੇ ਕਲੱਬ ਦੇ ਫਾਊਂਡਰ ਹਨ। ਉਨ੍ਹਾਂ ਨੇ ਆਪਣੇ ਹਾਰਲੇ ਡੇਵਿਡਸਨ 'ਤੇ ਰਾਈਡ ਕਰਕੇ ਫਰਿਜ਼ਨੋ ਸ਼ਹਿਰ ਤੋ ਸਰੀ ਬੀਸੀ ਕਨੇਡਾ ਨੂੰ ਗਏ।

ਇਹ ਉਹਨਾਂ ਦੀ ਤੀਸਰੀ ਸਲਾਨਾ ਮੋਟਰਸਾਈਕਲ ਰਾਈਡ ਸੀ ਪਿਛਲੇ ਸਾਲ ਉਹਨਾਂ ਨੇ 1054 ਮੀਲਾਂ ਦੀ ਦੂਰੀ 20 ਘੰਟੇ ਵਿੱਚ ਤਹਿ ਕਰਕੇ ਰਿਕਾਰਡ ਕਾਇਮ ਕੀਤਾ ਸੀ। ਇਸ ਵਾਰ ਉਹਨਾਂ ਆਪਣਾ ਹੀ ਪਿਛਲਾ ਰਿਕਾਰਡ ਤੋੜ ਕੇ ਨਵਾਂ ਰਿਕਾਰਡ ਕਾਇਮ ਕੀਤਾ। ਇਸ ਸਾਲ ਮਨਜੀਤ ਸਿੰਘ ਪਤੱੜ ਨੇ 1587 ਮੀਲਾਂ ਜੋ ਕਿ 33 ਘੰਟੇ ਲਗਾਤਾਰ ਮੋਟਰਸਾਈਕਲ ਚਲਾ ਕੇ ਸਫ਼ਰ ਪੂਰਾ ਕੀਤਾ। ਉਹਨਾਂ ਨੇ ਦਿਨ ਮੰਗਲਵਾਰ 14 ਅਪ੍ਰੈਲ 2026 ਨੂੰ ਸਵੇਰੇ 11.02 ਸਵੇਰੇ ਮੋਟਰਸਾਈਕਲ ਰਾਈਡ ਸ਼ੁਰੂ ਕਰਕੇ 8.13 ਸ਼ਾਮ ਬੁੱਧਵਾਰ 15 ਅਪ੍ਰੈਲ 2026 ਬਲੇਨ ਵਾਸਿੰਗਟਨ ਹਾਈਵੇ 5 ਦੇ ਐਗਜਿਟ 274 ਤੇ ਸਮਾਪਤ ਕੀਤੀ। ਉਹਨਾਂ ਦਾ ਰੂਟ ਜਿਸ ਤੇ ਗਏ ਫਰਿਜ਼ਨੋ ਦੇ ਐਸਲਨ ਐਵਿਨਿਊ ਐਗਜਿਟ 136 ਤੋ ਬੇਕਰਸਫੀਲਡ ਤੋ ਬਰਾਸਟੋ ਹਾਈਵੇ 40 ਲੈਕੇ 18 ਨੰਬਰ ਐਗਜਿਟ ਤੇ ਸ਼ਹਿਰ ਨਿਊ ਬੇਰੀ ਸਪ੍ਰਿੰਗ ਕੈਲੀਫੋਰਨੀਆ ਤੋ ਵਾਪਸੀ ਬਾਰਾਸਟੋ ਬੇਕਰਸਫੀਲਡ ਤੋਂ ਸੈਕਰਾਮੈਂਟੋ ਤੋਂ ਪੋਰਟਲੈਂਡ ਓਰੀਗਨ ਤੋਂ ਬਲੇਨ ਵਾਸ਼ਿੰਗਟਨ ਹਾਈਵੇ 5 ਜੇ ਐਗਜਿਟ 274 ਤੇ ਸਮਾਪਤ ਕੀਤੀ। ਮੋਟਰਸਾਈਕਲ ਰਾਈਡ ਪੂਰੀ ਕਰਨ ਤੇ ਉਹਨਾਂ ਵਾਹਿਗੁਰੂ ਜੀ ਦਾ ਤੇ ਉਹਨਾਂ ਦੋਸਤਾ ਮਿੱਤਰਾਂ ਸ਼ੁਕਰਾਨਾ ਕੀਤਾ, ਜਿਨਾਂ ਨੇ ਇਸ ਸਮੇਂ ਦੌਰਾਨ ਹੌਸਲਾ ਅਫਜਾਈ ਕੀਤਾ। ਸਾਂਝੀ ਸੋਚ ਅਦਾਰੇ ਦੇ ਸੀਈਓ ਬੂਟਾ ਸਿੰਘ ਬਾਸੀ ਨੇ ਮਨਜੀਤ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਮਨਜੀਤ ਸਿੰਘ ਪੱਤੜ ਨੂੰ ਮੇਰੇ ਅਤੇ ਸਰਦੂਲ ਸਿੰਘ ਦੇ ਦੁਆਰਾ ਤਮਗੇ ਨਾਲ ਸਨਮਾਨਿਤ ਕੀਤਾ ਜਾਵੇਗਾ।























# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO • HOME • TRUCK • BUSINESS • LIFE • MEDICAL**

## ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੇ ਗਾਂਧੀ ਸਮਾਧੀ 'ਤੇ ਜਾ ਕੇ ਟੇਕਿਆ ਮੱਥਾ, ਸੱਤਿਆਗ੍ਰਹਿ ਦੇ ਮਾਰਗ 'ਤੇ ਡਟੇ ਰਹਿਣ ਦੀ ਮੰਗੀ ਸ਼ਕਤੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਸੀਨੀਅਰ ਆਗੂ ਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਮੰਗਲਵਾਰ ਨੂੰ ਰਾਜਘਾਟ ਪਹੁੰਚ ਕੇ ਮਹਾਤਮਾ ਗਾਂਧੀ ਦੀ ਸਮਾਧੀ 'ਤੇ ਨਤਮਸਤਕ ਹੋਏ। ਉਨ੍ਹਾਂ ਦੇ ਨਾਲ ਪਾਰਟੀ ਦੇ ਵਿਧਾਇਕ ਅਤੇ ਵੱਡੀ ਗਿਣਤੀ ਵਿੱਚ ਵਰਕਰ ਵੀ ਮੌਜੂਦ ਸਨ। ਉਨ੍ਹਾਂ ਨੇ ਵਰਕਰਾਂ ਦੇ ਨਾਲ ਸੱਤਿਆਗ੍ਰਹਿ ਦੀ ਰਾਹ ਦਿਖਾਉਣ ਵਾਲੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਨੂੰ ਨਮਨ ਕਰਦਿਆਂ ਸੱਤਿਆਗ੍ਰਹਿ ਦੇ ਮਾਰਗ 'ਤੇ ਚੱਲਣ ਦਾ ਸੰਕਲਪ ਦੁਹਰਾਇਆ।

ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਸੀਂ ਨਿਆਂਪਾਲਿਕਾ ਦਾ ਬਹੁਤ ਸਤਿਕਾਰ ਕਰਦੇ ਹਾਂ, ਪਰ ਕੁਝ ਅਜਿਹੀਆਂ ਸਥਿਤੀਆਂ ਪੈਦਾ ਹੋਈਆਂ ਹਨ ਕਿ ਸਾਨੂੰ ਇਹ ਸੱਤਿਆਗ੍ਰਹਿ ਕਰਨਾ ਪੈ ਰਿਹਾ ਹੈ। ਮੇਰਾ ਅਟੁੱਟ ਵਿਸ਼ਵਾਸ ਹੈ ਕਿ ਬਾਪੂ ਦੇ ਅਸ਼ੀਰਵਾਦ ਨਾਲ ਸੱਤਿਆਗ੍ਰਹਿ ਦੇ ਇਸ ਔਖੇ ਪੈਂਡੇ 'ਤੇ ਅਸੀਂ ਪੂਰੀ ਨਿਸ਼ਠਾ ਨਾਲ ਅਡੋਲ ਰਹਾਂਗੇ।ਅਰਵਿੰਦ ਕੇਜਰੀਵਾਲ ਨੇ ਐਕਸ 'ਤੇ ਕਿਹਾ ਕਿ ਅੱਜ ਮਨੀਸ਼ ਸਿਸੋਦੀਆ ਅਤੇ ਹੋਰ ਸਾਥੀਆਂ ਨਾਲ ਰਾਜਘਾਟ ਪਹੁੰਚ ਕੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਨੂੰ ਪ੍ਰਣਾਮ ਕੀਤਾ।

ਮੇਰੀ ਬਾਪੂ ਅੱਗੇ ਇਹੋ ਪ੍ਰਾਰਥਨਾ ਹੈ ਕਿ ਉਨ੍ਹਾਂ ਦੇ ਦਿਖਾਏ 'ਸੱਤਿਆਗ੍ਰਹਿ' ਦੇ ਮਾਰਗ 'ਤੇ ਚੱਲਣ ਦੇ ਸਾਡੇ ਸੰਕਲਪ ਨੂੰ ਉਹ ਹਮੇਸ਼ਾ ਸ਼ਕਤੀ ਦੇਣ। ਮੇਰਾ ਅਟੁੱਟ ਵਿਸ਼ਵਾਸ ਹੈ ਕਿ ਬਾਪੂ ਦੇ ਅਸ਼ੀਰਵਾਦ ਸਦਕਾ, ਸੱਤਿਆਗ੍ਰਹਿ ਦੇ ਇਸ ਕਠਿਨ ਮਾਰਗ 'ਤੇ ਅਸੀਂ ਪੂਰੀ ਦ੍ਰਿੜਤਾ ਨਾਲ ਡਟੇ ਰਹਾਂਗੇ।ਉੱਥੇ ਹੀ, ਮੀਡੀਆ ਨਾਲ ਗੱਲਬਾਤ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਾਮਲਾ ਅਦਾਲਤ ਦਾ ਹੈ। ਅਸੀਂ ਅਦਾਲਤ ਦਾ ਬਹੁਤ ਸਤਿਕਾਰ ਕਰਦੇ ਹਾਂ। ਅਸੀਂ ਆਪਣੇ ਦੇਸ਼ ਦੀ ਨਿਆਂ ਪ੍ਰਣਾਲੀ ਦਾ ਬਹੁਤ ਸਨਮਾਨ ਕਰਦੇ ਹਾਂ, ਕਿਉਂਕਿ ਇਸੇ ਨਿਆਂ ਪ੍ਰਣਾਲੀ ਅਤੇ ਨਿਆਂਪਾਲਿਕਾ ਨੇ ਸਾਨੂੰ ਜ਼ਮਾਨਤ ਦਿਵਾਈ ਅਤੇ ਦੋਸ਼ ਮੁਕਤ ਕੀਤਾ ਹੈ। ਅੱਜ ਜੇਕਰ ਅਸੀਂ ਆਜ਼ਾਦ ਘੁੰਮ ਰਹੇ ਹਾਂ, ਤਾਂ ਆਪਣੀ ਨਿਆਂ ਪ੍ਰਣਾਲੀ ਕਰਕੇ ਹੀ ਘੁੰਮ ਰਹੇ ਹਾਂ। ਪਰ ਕੁਝ ਅਜਿਹੀਆਂ ਸਥਿਤੀਆਂ ਬਣ ਗਈਆਂ ਹਨ, ਜਿਨ੍ਹਾਂ ਕਾਰਨ ਸਾਨੂੰ ਇਹ ਸੱਤਿਆਗ੍ਰਹਿ ਕਰਨਾ ਪੈ ਰਿਹਾ ਹੈ। ਉਹ ਸਾਰੀਆਂ ਗੱਲਾਂ ਅਸੀਂ ਜੱਜ ਸਾਹਿਬਾ ਨੂੰ ਲਿਖੀ ਚਿੱਠੀ ਵਿੱਚ ਬਿਆਨ ਕਰ ਦਿੱਤੀਆਂ ਹਨ।ਦੂਜੇ ਪਾਸੇ, 'ਆਪ' ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਸਾਬਕਾ ਉਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਬਾਪੂ ਦੀ ਸਮਾਧੀ 'ਤੇ ਨਤਮਸਤਕ ਹੋਣ ਤੋਂ ਬਾਅਦ 'ਐਕਸ' 'ਤੇ ਕਿਹਾ ਕਿ ਮੰਗਲਵਾਰ ਨੂੰ ਰਾਜਘਾਟ ਜਾ ਕੇ ਪੂਜਨੀਕ ਬਾਪੂ ਦੀ ਸਮਾਧੀ 'ਤੇ ਅਰਵਿੰਦ ਕੇਜਰੀਵਾਲ ਨਾਲ ਮੱਥਾ ਟੇਕਿਆ।



ਮਹਾਤਮਾ ਗਾਂਧੀ ਜੀ ਨੇ ਸਾਨੂੰ ਹਮੇਸ਼ਾ ਸੱਚ ਦੇ ਰਸਤੇ 'ਤੇ ਅਡੋਲ ਰਹਿਣ ਅਤੇ ਸੱਚ ਲਈ ਆਤਮ-ਬਲ ਨਾਲ ਸੱਤਿਆਗ੍ਰਹਿ ਕਰਨ ਦੀ ਪ੍ਰੇਰਨਾ ਦਿੱਤੀ ਹੈ। ਅੱਜ ਉਸੇ ਰਾਹ 'ਤੇ ਚੱਲਣ ਦਾ ਸੰਕਲਪ ਹੋਰ ਵੀ ਮਜ਼ਬੂਤ ਹੋਇਆ ਹੈ।

# ਬਰਿੰਦਰ ਕੁਮਾਰ ਗੋਇਲ ਵੱਲੋਂ ਬੀ.ਓ.ਪੀ ਸ਼ਾਹਪੁਰ ਵਿਖੇ ਰਾਵੀ ਦਰਿਆ ਦੇ ਧੁੱਸੀ ਬੰਨ੍ਹ 'ਤੇ ਚਲ ਰਹੇ ਹੜ੍ਹ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ

ਹੁਸ਼ਿਆਰਪੁਰ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਅੱਜ ਜ਼ਿਲ੍ਹਾ ਅੰਮ੍ਰਿਤਸਰ ਦੀ ਬੀ.ਓ.ਪੀ. ਸ਼ਾਹਪੁਰ ਵਿਖੇ ਰਾਵੀ ਦਰਿਆ ਦੇ ਧੁੱਸੀ ਬੰਨ੍ਹ 'ਤੇ ਚਲ ਰਹੇ ਹੜ੍ਹ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਜਲ ਸਰੋਤ ਵਿਭਾਗ ਦੇ ਨਿਗਰਾਨ ਇੰਜੀਨੀਅਰ ਜਗਦੀਸ਼ ਰਾਜ, ਕਾਰਜਕਾਰੀ ਇੰਜੀਨੀਅਰ ਵਿਸ਼ਵਪਾਲ ਗੋਇਲ ਅਤੇ ਉੱਪ ਮੰਡਲ ਅਫ਼ਸਰ ਸਤਨਾਮ ਸਿੰਘ ਵੀ ਮੌਜੂਦ ਸਨ।ਦੱਸ ਦੇਈਏ ਕਿ ਪਿਛਲੇ ਸਾਲ ਆਏ ਹੜ੍ਹਾਂ ਕਾਰਨ ਬੀ.ਓ.ਪੀ. ਸ਼ਾਹਪੁਰ ਵਿਖੇ ਰਾਵੀ ਦਰਿਆ ਦਾ ਧੁੱਸੀ ਬੰਨ੍ਹ ਟੁੱਟ ਗਿਆ ਸੀ ਅਤੇ ਜਲ ਸਰੋਤ ਵਿਭਾਗ ਵੱਲੋਂ ਇਸ ਪਾੜ ਨੂੰ ਭਰਨ ਤੋਂ ਬਾਅਦ ਪੱਥਰ ਲਗਾ ਕੇ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਥਾਂ 'ਤੇ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਜਲ ਸਰੋਤ ਵਿਭਾਗ ਵੱਲੋਂ 4 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਬਰਿੰਦਰ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਮਾਨਸੂਨ ਸੀਜ਼ਨ ਤੋਂ ਪਹਿਲਾਂ ਹੜ੍ਹਾਂ ਜਾਂ ਭਾਰੀ ਮੀਂਹ ਕਰਕੇ ਹੁੰਦੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਅਤੇ ਜਾਨ-ਮਾਲ ਦੀ ਰਾਖੀ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।



ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਤਹਿਤ 600 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਹੜ੍ਹ ਆਉਣ ਤੋਂ ਬਾਅਦ ਜਲ ਸਰੋਤ ਵਿਭਾਗ ਵੱਲੋਂ 4 ਦਰਿਆਵਾਂ 'ਤੇ ਦੋ-ਦੋ ਨਿਗਰਾਨ ਇੰਜੀਨੀਅਰਾਂ ਦੀ ਅਗਵਾਈ ਵਿਚ ਕਮੇਟੀਆਂ ਬਣਾਈਆਂ ਗਈਆਂ ਸਨ। ਇਨ੍ਹਾਂ ਕਮੇਟੀਆਂ ਨੇ 132 ਨਾਜ਼ੁਕ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਸੀ ਅਤੇ ਇਨ੍ਹਾਂ ਸਾਰੀਆਂ ਥਾਵਾਂ 'ਤੇ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਕੰਮ ਚੱਲ ਰਿਹਾ ਹੈ, ਜਿਨ੍ਹਾਂ ਵਿਚੋਂ ਕੁਝ ਮੁਕੰਮਲ ਹੋ ਗਏ ਹਨ ਅਤੇ ਰਹਿੰਦੇ ਸਾਰੇ ਕੰਮ 30 ਜੂਨ, 2026 ਤੱਕ ਮੁਕੰਮਲ ਕਰ ਲਏ ਜਾਣਗੇ।ਜਲ ਸਰੋਤ ਮੰਤਰੀ ਨੇ ਕਿਹਾ ਕਿ ਪਿਛਲੇ ਬਰਸਾਤੀ ਸੀਜ਼ਨ ਦੌਰਾਨ ਆਏ ਹੜ੍ਹਾਂ ਕਾਰਨ ਦਰਿਆ ਰਾਵੀ ਦੇ ਧੁੱਸੀ ਬੰਨ੍ਹ ਵਿੱਚ 23 ਥਾਵਾਂ ਤੋਂ ਪਾੜ ਪਿਆ ਸੀ ਅਤੇ ਵਿਭਾਗ ਵੱਲੋਂ ਇਨ੍ਹਾਂ ਪਾੜਾਂ ਨੂੰ ਪੂਰ ਕੇ ਪੱਥਰ ਲਗਾ ਕੇ ਇਨ੍ਹਾਂ ਦੀ ਮਜ਼ਬੂਤੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਦਰਿਆ ਵਿੱਚ ਡੀ-ਸਿਲਟਿੰਗ ਦਾ ਕੰਮ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਮਨਾਸੂਨ ਸੀਜ਼ਨ ਤੋਂ ਪਹਿਲਾਂ-ਪਹਿਲਾਂ ਇਸ ਨੂੰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ੱਕੀ ਨਾਲੇ ਦੀ ਸਫ਼ਾਈ ਦਾ ਕੰਮ ਵੀ ਜਾਰੀ ਹੈ ਅਤੇ ਹੋਰ ਬਰਸਾਤੀ ਨਾਲਿਆਂ ਦੀ ਸਫ਼ਾਈ ਵੀ ਕੀਤੀ ਜਾ ਰਹੀ ਹੈ।ਗੋਇਲ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਹੜ੍ਹ ਰੋਕਥਾਮ, ਰਾਹਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਹਿਰਾਂ ਅਤੇ ਨਾਲਿਆਂ (ਡਰੇਨਾਂ) ਦੀ ਸਫਾਈ ਵਾਸਤੇ ਫਿਨਲੈਂਡ ਤੋਂ ਉੱਨਤ ਕਿਸਮ ਦੀਆਂ ਐਂਫੀਬੀਅਸ ਮਸੀਨਾਂ (ਪਾਣੀ ਵਿੱਚ ਅਤੇ ਧਰਤੀ 'ਤੇ ਚੱਲਣ ਵਾਲੀਆਂ ਮਸ਼ੀਨਾਂ) ਦੀ ਖ਼ਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮਸ਼ੀਨਾਂ ਵਗਦੇ ਪਾਣੀ ਵਿੱਚ ਵੀ ਕੰਮ ਕਰਨ ਅਤੇ ਡੂੰਘਾਈ ਨਾਲ ਸਫ਼ਾਈ ਦੇ ਸਮਰੱਥ ਹਨ, ਜੋ ਇਨ੍ਹਾਂ ਮਸ਼ੀਨਾਂ ਨੂੰ ਰੋਕਥਾਮ ਉਪਾਵਾਂ ਅਤੇ ਐਮਰਜੈਂਸੀ ਕਾਰਵਾਈ ਲਈ ਮਹੱਤਵਪੂਰਨ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁ-ਮੰਤਵੀ ਮਸ਼ੀਨਾਂ ਡੂੰਘਾਈ ਨਾਲ ਸਫ਼ਾਈ ਕਰ ਸਕਦੀਆਂ ਹਨ ਜਿਸ ਲਈ ਸੰਭਾਵਿਤ ਅਤੇ ਐਮਰਜੈਂਸੀ ਹਾਲਾਤਾਂ ਵਿੱਚ ਹੜ੍ਹ ਰਾਹਤ ਕਾਰਜਾਂ ਵਾਸਤੇ ਇਨ੍ਹਾਂ ਮਸ਼ੀਨਾਂ ਨੂੰ ਖ਼ਰੀਦਿਆ ਜਾ ਰਿਹਾ ਹੈ।ਇਸ ਮੌਕੇ ਵਿਧਾਇਕ ਅਜਨਾਲਾ ਕੁਲਦੀਪ ਸਿੰਘ ਧਾਲੀਵਾਲ ਨੇ ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਜਲ ਸਰੋਤ ਵਿਭਾਗ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਨੂੰ ਸਮਾਂ ਰਹਿੰਦੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਅਜਨਾਲਾ ਹਲਕੇ ਦੇ ਕਈ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਸੀ ਅਤੇ ਮਾਨ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਬਾਂਹ ਫੜ ਕੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਸੂਨ ਤੋਂ ਪਹਿਲਾਂ ਸਾਰੇ ਹੜ੍ਹ ਰੋਕੂ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ ਅਤੇ ਰਾਜ ਸਰਕਾਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਵਚਨਬੱਧ ਹੈ।

# ਮਿਲਕਫੈੱਡ ਪੰਜਾਬ ਵੱਲੋਂ ਦੁੱਧ ਦੀ ਖਰੀਦ ਕੀਮਤ ਵਿੱਚ ਵਾਧਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਅਤੇ ਮਿਲਕਫੈੱਡ ਪੰਜਾਬ ਵੱਲੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਮਿਲਕਫੈੱਡ ਪੰਜਾਬ (ਬ੍ਰਾਂਡ ਵੇਰਕਾ) ਨਾਲ ਜੁੜੇ ਕਿਸਾਨਾਂ ਲਈ ਦੁੱਧ ਦੀ ਖਰੀਦ ਕੀਮਤ ਵਿੱਚ 01.05.2026 ਤੋਂ ਵਾਧਾ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਨਾਲ ਦੁੱਧ ਦੀ ਖਰੀਦ ਕੀਮਤ ਵਿੱਚ 20 ਰੁਪਏ ਪ੍ਰਤੀ ਕਿਲੋਗ੍ਰਾਮ ਫੈਟ ਦਾ ਵਾਧਾ ਹੋਵੇਗਾ। ਇਸ ਫੈਸਲੇ ਦਾ ਉਦੇਸ਼ ਡੇਅਰੀ ਕਿਸਾਨਾਂ ਲਈ ਬਿਹਤਰ ਆਮਦਨ ਯਕੀਨੀ ਬਣਾਉਣਾ, ਪੇਂਡੂ ਆਰਥਿਕਤਾ ਨੂੰ ਮਜ਼ਬੂਤ ਕਰਨਾ ਅਤੇ ਸੂਬੇ ਵਿੱਚ ਸਹਿਕਾਰੀ ਡੇਅਰੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਮਿਲਕਫੈੱਡ ਦੇ ਸੂਤਰਾਂ ਮੁਤਾਬਕ ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ, ਮਿਲਕਫੈੱਡ ਵੱਲੋਂ ਇਹ ਕਦਮ ਕਿਸਾਨਾਂ ਅਤੇ ਡੇਅਰੀ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਚੁੱਕਿਆ ਗਿਆ ਹੈ ਜੋ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ 2.5 ਲੱਖ ਡੇਅਰੀ ਕਿਸਾਨ ਜੋ ਮਿਲਕਫੈੱਡ ਪਰਿਵਾਰ ਦਾ ਹਿੱਸਾ ਹਨ, ਨੂੰ ਤੁਰੰਤ ਵਧਾਈ ਗਈ ਕੀਮਤ ਦਾ ਲਾਭ ਮਿਲੇਗਾ। ਇਸ ਵਾਧੇ ਨਾਲ ਡੇਅਰੀ ਫਾਰਮਿੰਗ ਦੀ ਆਮਦਨ ਵਿੱਚ ਸੁਧਾਰ ਹੋਵੇਗਾ ਜਿਸ ਨਾਲ ਪੰਜਾਬ ਦੇ ਲਗਭਗ 30 ਲੱਖ ਦੁੱਧ ਉਤਪਾਦਕਾਂ ਨੂੰ ਲਾਭ ਹੋਵੇਗਾ ਕਿਉਂਕਿ ਕਿਸਾਨਾਂ ਤੋਂ ਦੁੱਧ ਖ਼ਰੀਦਣ ਵਾਲੀਆਂ ਹੋਰ ਸਾਰੀਆਂ ਕੰਪਨੀਆਂ ਅਤੇ ਸੰਸਥਾਵਾਂ ਨੂੰ ਵੀ ਆਪਣੀਆਂ ਖਰੀਦ ਕੀਮਤਾਂ ਵਿੱਚ ਵਾਧਾ ਕਰਨਾ ਪਵੇਗਾ ਤਾਂ ਜੋ ਇਹ ਕੀਮਤਾਂ ਮਿਲਕਫੈੱਡ ਦੇ ਬਰਾਬਰ ਹੋ ਸਕਣ। ਮਿਲਕਫੈੱਡ ਪੰਜਾਬ ਉੱਤਰੀ ਭਾਰਤ ਦਾ ਮੋਹਰੀ ਦੁੱਧ ਸਹਿਕਾਰੀ ਸੰਸਥਾ ਹੈ ਜੋ ਜਿਆਦਾਤਰ ਪੈਕ ਕੀਤੇ ਦੁੱਧ ਅਤੇ ਦੁੱਧ ਉਤਪਾਦਾਂ ਵਿੱਚ ਸਰਗਰਮ ਹੈ। ਦੇਸ਼ ਦੇ ਇਸ ਖੇਤਰ ਦੇ ਉਦਯੋਗ ਵਿੱਚ ਮੋਹਰੀ ਹੋਣ ਦੇ ਨਾਤੇ, ਮਿਲਕਫੈੱਡ ਵੱਲੋਂ ਦੁੱਧ ਖਰੀਦ ਕੀਮਤਾਂ ਵਿੱਚ ਵਾਧੇ ਦਾ ਵਿਆਪਕ ਪ੍ਰਭਾਵ ਪਵੇਗਾ ਅਤੇ ਪੰਜਾਬ ਦੀ ਪੇਂਡੂ ਆਰਥਿਕਤਾ ਵਿੱਚ ਪ੍ਰਤੀ ਮਹੀਨਾ 100 ਕਰੋੜ ਰੁਪਏ ਦਾ ਵਾਧੂ ਲਾਭ ਹੋਵੇਗਾ।

# RAKHI ISRANI

## Democrat for U.S. Congress

ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**



## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ
## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ
## ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ।
ਰਾਖੀ ਨੇ ਇੱਕ ਈਸਟ ਬੇ ਐਜੂਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st
May
Sunday
Red Carpet
02:00 pm
Show Time
03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਯੂਰਪ ਫੇਰੀ ਨੇ ਪੰਜਾਬ ਦੇ ਕਿਸਾਨਾਂ, ਉਦਯੋਗ ਅਤੇ ਨੌਜਵਾਨਾਂ ਲਈ ਨਵੇਂ ਦਰਵਾਜ਼ੇ ਖੋਲ੍ਹੇ: ਭਗਵੰਤ ਸਿੰਘ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਪਣੇ ਨੀਦਰਲੈਂਡ-ਫਿਨਲੈਂਡ ਦੌਰੇ ਦਾ ਵਿਆਪਕ ਰਿਪੋਰਟ ਕਾਰਡ ਪੇਸ਼ ਕੀਤਾ, ਜਿਸ ਵਿੱਚ ਕਿਹਾ ਗਿਆ ਕਿ ਪੰਜਾਬ ਸਰਕਾਰ ਨੇ ਖੇਤੀਬਾੜੀ, ਉਦਯੋਗ ਅਤੇ ਨਵੀਨਤਾ ਵਿੱਚ ਵਿਸ਼ਵ ਭਰ ਤੋਂ ਮਜ਼ਬੂਤ ਸਹਿਯੋਗ ਹਾਸਲ ਕੀਤਾ ਹੈ, ਜਿਸ ਨਾਲ ਕਿਸਾਨਾਂ, ਨੌਜਵਾਨਾਂ ਅਤੇ ਸੂਬੇ ਦੀ ਆਰਥਿਕਤਾ ਨੂੰ ਸਿੱਧਾ ਲਾਭ ਹੋਵੇਗਾ। ਜ਼ਾਇਕਾ ਕੰਪਨੀ ਦੇ 1300 ਕਰੋੜ ਰੁਪਏ ਦੇ ਨਿਵੇਸ਼, ਵਿਸ਼ਵ-ਵਿਆਪੀ ਕੰਪਨੀਆਂ ਦੀ ਦਿਲਚਸਪੀ ਅਤੇ ਕੇਉਕੇਨਹੌਫ ਤੋਂ ਫਿਨਲੈਂਡ ਤੱਕ ਉੱਨਤ ਖੇਤੀਬਾੜੀ-ਤਕਨੀਕੀ ਸਹਿਯੋਗ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਰਣਨੀਤਕ ਗੱਠਜੋੜ ਫਸਲੀ ਵਿਭਿੰਨਤਾ ਨੂੰ ਤੇਜ਼ ਕਰਨਗੇ, ਨਿਵੇਸ਼ ਨੂੰ ਆਕਰਸ਼ਿਤ ਕਰਨਗੇ ਅਤੇ ਪੰਜਾਬ ਨੂੰ ਨਵੀਨਤਾ, ਖੋਜ ਅਤੇ ਵਿਕਾਸ ਤੇ ਉੱਚ ਗੁਣਵੱਤਾ ਵਾਲੀ ਖੇਤੀ ਲਈ ਵਿਸ਼ਵ-ਵਿਆਪੀ ਕੇਂਦਰ ਵਜੋਂ ਮਜ਼ਬੂਤੀ ਨਾਲ ਸਥਾਪਤ ਕਰਨਗੇ।

ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲੇ ਦਿਨ ਨੀਦਰਲੈਂਡ ਵਿੱਚ ਭਾਰਤ ਦੇ ਸਫ਼ੀਰ ਨੇ ਪੰਜਾਬ ਦੇ ਵਫ਼ਦ ਦਾ ਸਵਾਗਤ ਕੀਤਾ ਅਤੇ 19 ਅਪ੍ਰੈਲ ਨੂੰ ਵਫ਼ਦ ਨੇ ਵਿਸ਼ਵ-ਪ੍ਰਸਿੱਧ ਬਾਗਬਾਨੀ ਮਾਡਲ ਕੇਉਕੇਨਹੌਫ ਦਾ ਦੌਰਾ ਕੀਤਾ, ਜਿੱਥੇ ਰੋਜ਼ਾਨਾ 40,000 ਸੈਲਾਨੀ ਆਉਂਦੇ ਹਨ ਅਤੇ ਇਸ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ।"

ਮੁੱਖ ਮੰਤਰੀ ਨੇ ਅੱਗੇ ਕਿਹਾ, "ਇਸ ਦੌਰੇ ਦਾ ਮੰਤਵ ਖੇਤੀਬਾੜੀ ਖੇਤਰ ਵਿੱਚ ਭਾਈਵਾਲੀ ਦੇ ਮੌਕਿਆਂ ਦੀ ਪੜਚੋਲ ਕਰਨਾ ਸੀ ਅਤੇ ਬਾਗਬਾਨੀ ਦੇ ਵਿਕਾਸ ਲਈ ਸਹਿਯੋਗ ਬਾਰੇ ਚਰਚਾ ਕੀਤੀ ਗਈ ਅਤੇ ਪੰਜਾਬ ਤੋਂ ਗੁਲਾਬ ਦੀ ਬਰਾਮਦ ਦੀ ਸੰਭਾਵਨਾ ਦਾ ਪਤਾ ਲਾਇਆ ਗਿਆ।" ਉਨ੍ਹਾਂ ਅੱਗੇ ਕਿਹਾ, "ਜ਼ਾਇਕਾ ਵੱਲੋਂ ਕੀਤੇ ਜਾ ਰਹੇ 1300 ਕਰੋੜ ਰੁਪਏ ਦੇ ਨਿਵੇਸ਼ ਤੋਂ ਇਲਾਵਾ ਇਹ ਸਮਝੌਤਾ ਫਸਲੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦੇਣ ਵਿੱਚ ਮੁੱਖ ਭੂਮਿਕਾ ਨਿਭਾਏਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਦੌਰੇ ਦਾ ਉਦੇਸ਼ ਉਦਯੋਗਿਕ ਨਿਵੇਸ਼ ਅਤੇ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ, ਸਿੱਖਿਆ ਅਤੇ ਖੋਜ ਅਦਾਨ-ਪ੍ਰਦਾਨ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨਾ, ਤਕਨਾਲੋਜੀ ਦੇ ਪਰਸਪਰ ਵਟਾਂਦਰੇ 'ਤੇ ਧਿਆਨ ਕੇਂਦਰਿਤ ਕਰਨਾ ਅਤੇ ਪੰਜਾਬ ਦੇ ਸੰਪੂਰਨ ਵਿਕਾਸ ਲਈ ਯੋਜਨਾ ਬਣਾਉਣਾ ਵੀ ਸੀ।" ਉਨ੍ਹਾਂ ਅੱਗੇ ਕਿਹਾ, "ਗੱਲਬਾਤ ਦੌਰਾਨ ਆਧੁਨਿਕ ਖੇਤੀਬਾੜੀ ਤਕਨੀਕਾਂ ਅਤੇ ਟਿਕਾਊ ਖੇਤੀ ਵਿੱਚ ਸਾਂਝੇ ਪ੍ਰਾਜੈਕਟਾਂ ਦੀ ਸੰਭਾਵਨਾ ਦੀ ਪੜਚੋਲ ਕੀਤੀ ਗਈ ਅਤੇ ਇਸ ਗੱਲ 'ਤੇ ਸਹਿਮਤੀ ਬਣੀ ਕਿ ਉੱਚ-ਮੁੱਲ ਵਾਲੀਆਂ ਫਸਲਾਂ ਅਤੇ ਗੁਣਵੱਤਾ ਭਰਪੂਰ ਬਰਾਮਦ ਉਤਪਾਦਨ ਲਈ ਸਹਿਯੋਗ ਕੀਤਾ ਜਾਵੇਗਾ। ਇਸ ਦੌਰੇ ਨੇ ਹੁਨਰ ਵਿਕਾਸ ਅਤੇ ਵਿਦਿਅਕ ਅਦਾਨ-ਪ੍ਰਦਾਨ ਦੇ ਮੌਕਿਆਂ ਦੇ ਨਾਲ-ਨਾਲ ਨਵੇਂ ਉਦਯੋਗਿਕ ਨਿਵੇਸ਼ਾਂ ਅਤੇ ਗੱਠਜੋੜਾਂ ਲਈ ਰਾਹ ਖੋਲ੍ਹੇ।" ਉਨ੍ਹਾਂ ਰਣਨੀਤਕ ਭਾਈਵਾਲੀ ਬਣਾਉਣ 'ਤੇ ਜ਼ੋਰ ਦਿੰਦੇ ਹੋਏ ਤਕਨਾਲੋਜੀ ਅਤੇ ਨਵੀਨਤਾ ਅਦਾਨ-ਪ੍ਰਦਾਨ 'ਤੇ ਵੀ ਸਮਝੌਤਾ ਕੀਤਾ। ਨੀਦਰਲੈਂਡ ਵਰਟੀਕਲ (ਲੰਬਕਾਰੀ) ਖੇਤੀਬਾੜੀ ਲਈ ਮਸ਼ਹੂਰ ਹੈ, ਜਿਸ ਨੂੰ ਪੰਜਾਬ ਵਿੱਚ ਦੁਹਰਾਇਆ ਜਾ ਸਕਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "20 ਅਪ੍ਰੈਲ ਨੂੰ ਵਫ਼ਦ ਨੇ ਵਿਸ਼ਵ ਬਾਗਬਾਨੀ ਕੇਂਦਰ ਦਾ ਦੌਰਾ ਕੀਤਾ ਅਤੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਪੰਜਾਬੀ ਭਾਈਚਾਰੇ ਨਾਲ ਗੱਲਬਾਤ ਕੀਤੀ।" ਉਨ੍ਹਾਂ ਦੱਸਿਆ ਕਿ ਵਫ਼ਦ ਨੂੰ ਦੱਸਿਆ ਗਿਆ ਕਿ ਸਾਡੇ ਵਾਂਗ ਖੁੱਲ੍ਹੇ ਵਿੱਚ ਖੇਤੀ ਕਰਨ ਨਾਲ ਇਕ ਵਰਗ ਮੀਟਰ ਵਿੱਚ ਛੇ ਕਿਲੋ ਟਮਾਟਰ ਪੈਦਾ ਹੁੰਦੇ ਹਨ, ਜਦੋਂ ਕਿ ਉੱਥੇ ਪੌਲੀ ਹਾਊਸ ਵਿੱਚ ਇਕ ਵਰਗ ਮੀਟਰ ਵਿੱਚ ਟਮਾਟਰ ਦਾ ਉਤਪਾਦਨ 100 ਕਿਲੋ ਹੈ। ਉਨ੍ਹਾਂ ਅੱਗੇ ਕਿਹਾ, "ਵਫ਼ਦ ਨੇ ਵਿਦੇਸ਼ੀ ਨਿਵੇਸ਼ ਅਤੇ ਵਿਸ਼ਵ-ਵਿਆਪੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਅਤੇ ਸੈਮੀਕੰਡਕਟਰ, ਇਲੈਕਟ੍ਰਾਨਿਕਸ ਅਤੇ ਨਵੀਨਤਾ ਖੇਤਰਾਂ ਵਿੱਚ ਮੌਕਿਆਂ ਦੀ ਪੜਚੋਲ ਕਰਨ ਦੇ ਉਦੇਸ਼ ਨਾਲ ਨਿਵੇਸ਼ ਰੋਡ ਸ਼ੋਅ ਵੀ ਕੀਤਾ।" ਉਨ੍ਹਾਂ ਕਿਹਾ, "ਆਧੁਨਿਕ ਖੇਤੀਬਾੜੀ ਤਕਨਾਲੋਜੀ ਅਤੇ ਬਾਗਬਾਨੀ ਮਾਡਲਾਂ ਨੂੰ ਅਪਨਾਉਣ, ਸਟਾਰਟ-ਅੱਪਸ, ਖੋਜ ਤੇ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਨੂੰ ਵਿਸ਼ਵ-ਵਿਆਪੀ ਨਿਵੇਸ਼ ਅਤੇ ਤਕਨੀਕੀ ਕੇਂਦਰ ਵਜੋਂ ਸਥਾਪਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਦੇ ਯਤਨਾਂ ਨੇ ਲੋੜੀਂਦੇ ਨਤੀਜੇ ਦਿੱਤੇ ਕਿਉਂਕਿ ਮੋਹਾਲੀ ਵਿੱਚ ਇਕ ਖੋਜ ਅਤੇ ਵਿਕਾਸ ਕੇਂਦਰ ਤੇ ਨਵੀਨਤਾ ਹੱਬ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ।" ਉਨ੍ਹਾਂ ਅੱਗੇ ਕਿਹਾ, "ਪੰਜਾਬ ਵਿੱਚ ਇਕ ਬਾਗਬਾਨੀ ਅਨੁਭਵ ਅਤੇ ਸਿਖਲਾਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਨੂੰ



ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ, ਨਾਲ ਹੀ ਕਿਹਾ ਕਿ ਪਰਵਾਸੀ ਪੰਜਾਬੀ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਅਤੇ ਪਹਿਲੀ ਵਾਰ ਕਿਸੇ ਪੰਜਾਬੀ ਵਫ਼ਦ ਵੱਲੋਂ ਨੀਦਰਲੈਂਡ ਦਾ ਦੌਰਾ ਕਰਨ ਨਾਲ ਬਹੁਤ ਖ਼ੁਸ਼ ਹਨ।" ਉਨ੍ਹਾਂ ਅੱਗੇ ਕਿਹਾ, "ਵਿਦੇਸ਼ੀ ਕੰਪਨੀਆਂ ਸੂਬੇ ਵਿੱਚ ਨਿਵੇਸ਼ ਅਤੇ ਗੱਠਜੋੜ ਲਈ ਮਜ਼ਬੂਤ ਦਿਲਚਸਪੀ ਦਿਖਾ ਰਹੀਆਂ ਹਨ, ਜੋ ਤਕਨਾਲੋਜੀ ਟਰਾਂਸਫਰ, ਖੋਜ ਅਤੇ ਸਟਾਰਟ-ਅੱਪਸ ਵਿੱਚ ਸਹਿਯੋਗ ਲਈ ਨਵੇਂ ਮੌਕੇ ਖੋਲ੍ਹੇਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਫਸਲੀ ਵਿਭਿੰਨਤਾ ਅਤੇ ਉੱਚ-ਤਕਨੀਕੀ ਖੇਤੀ ਨੂੰ ਵੀ ਉਤਸ਼ਾਹਿਤ ਕਰੇਗਾ, ਜਿਸ ਨਾਲ ਪੰਜਾਬ ਦਾ ਅਕਸ ਇਕ ਵਿਸ਼ਵ-ਵਿਆਪੀ, ਨਵੀਨਤਾ-ਆਧਾਰਤ ਅਤੇ ਨਿਵੇਸ਼ਕ-ਅਨੁਕੂਲ ਰਾਜ ਵਜੋਂ ਮਜ਼ਬੂਤ ਹੋਵੇਗੀ।" ਉਨ੍ਹਾਂ ਅੱਗੇ ਕਿਹਾ, "20 ਅਪ੍ਰੈਲ ਨੂੰ ਮੈਂ ਮਹਾਨ ਡੱਚ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨੂੰ ਮਿਲਿਆ ਅਤੇ ਪੰਜਾਬ ਵਿੱਚ ਹਾਕੀ ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਬਾਰੇ ਚਰਚਾ ਕੀਤੀ ਅਤੇ ਕਿਹਾ ਕਿ ਉਹ ਜਲਦੀ ਹਾਕੀ ਨੂੰ ਵੱਡਾ ਹੁਲਾਰਾ ਦੇਣ ਲਈ ਪੰਜਾਬ ਦਾ ਦੌਰਾ ਕਰਨਗੇ।" ਉਨ੍ਹਾਂ ਕਿਹਾ, "ਬੋਵਲੈਂਡਰ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਪੰਜਾਬ ਪਹਿਲੀ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ ਅਤੇ ਇਹ ਸੂਬੇ ਅਤੇ ਹਾਕੀ ਲਈ ਵੱਡਾ ਹੁਲਾਰਾ ਹੋਵੇਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਦੌਰੇ ਨੂੰ ਜਾਰੀ ਰੱਖਦਿਆਂ 21 ਅਪ੍ਰੈਲ ਨੂੰ ਵਫ਼ਦ ਨੇ ਐਨ.ਐਕਸ.ਪੀ. ਸੈਮੀਕੰਡਕਟਰ, ਆਲਸਮੀਰ ਫਲਾਵਰ ਆਕਸ਼ਨ ਦਾ ਦੌਰਾ ਕੀਤਾ ਅਤੇ ਐਲ.ਟੀ. ਫੂਡਜ਼ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ ਅਤੇ ਖੇਤੀਬਾੜੀ, ਮੱਛੀ ਪਾਲਣ, ਫੂਡ ਸਕਿਊਰਟੀਜ਼ ਅਤੇ ਨੇਚਰ ਮੰਤਰਾਲੇ ਨਾਲ ਗੱਲਬਾਤ ਕੀਤੀ।" ਉਨ੍ਹਾਂ ਅੱਗੇ ਕਿਹਾ, "ਇਹ ਚਰਚਾ ਵਪਾਰ ਅਤੇ ਨਿਵੇਸ਼ ਦੇ ਮੌਕਿਆਂ ਨੂੰ ਵਧਾਉਣ, ਗਲੋਬਲ ਸਪਲਾਈ ਚੇਨਾਂ ਵਿੱਚ ਭਾਈਵਾਲੀ ਨੂੰ ਮਜ਼ਬੂਤ ਕਰਨ, ਖੇਤੀਬਾੜੀ ਅਤੇ ਫੁੱਲਾਂ ਦੀ ਖੇਤੀ ਵਿੱਚ ਵਿਸ਼ਵ ਪੱਧਰੀ ਮਾਡਲਾਂ ਨੂੰ ਅਪਣਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ-ਨਾਲ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਨ 'ਤੇ ਅਧਾਰਤ ਸੀ।"

ਉਨ੍ਹਾਂ ਕਿਹਾ, "ਨਿਵੇਸ਼ਾਂ ਅਤੇ ਤਾਲਮੇਲ ਲਈ ਇਨ੍ਹਾਂ ਨਵੀਆਂ ਸੰਭਾਵਨਾਵਾਂ ਦੀ ਖੋਜ ਤੋਂ ਬਾਅਦ ਪੰਜਾਬ ਨੂੰ ਗਲੋਬਲ ਸਪਲਾਈ ਚੇਨਾਂ ਨਾਲ ਜੋੜਨ ਵੱਲ ਮਹੱਤਵਪੂਰਨ ਕਦਮ ਚੁੱਕੇ ਗਏ, ਫੁੱਲਾਂ ਦੀ ਖੇਤੀ ਅਤੇ ਆਧੁਨਿਕ ਖੇਤੀਬਾੜੀ ਮਾਡਲਾਂ ਬਾਰੇ ਜਾਣਕਾਰੀ ਲਈ ਗਈ, ਖੇਤੀਬਾੜੀ ਵਿੱਚ ਨਵੀਨਤਾ ਅਤੇ ਤਕਨਾਲੋਜੀ ਲਈ ਗੱਲਬਾਤ ਕੀਤੀ ਗਈ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਦੇ ਰਾਹ ਪੱਧਰੇ ਕੀਤੇ ਗਏ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਐਨ.ਐਕਸ.ਪੀ. ਨੇ ਨਿਵੇਸ਼ਾਂ ਦੀਆਂ ਹੋਰ ਸੰਭਾਵਨਾਵਾਂ ਦੀ ਪੜਚੋਲ ਕਰਨ ਦੇ ਨਾਲ-ਨਾਲ ਸੂਬੇ ਵਿੱਚ ਖੋਜ ਅਤੇ ਵਿਕਾਸ ਨੂੰ ਹੁਲਾਰਾ ਦੇਣ ਵਿੱਚ ਡੂੰਘੀ ਦਿਲਚਸਪੀ ਦਿਖਾਈ ਹੈ।" ਉਨ੍ਹਾਂ ਅੱਗੇ ਕਿਹਾ, "ਇਨ੍ਹਾਂ ਕੰਪਨੀਆਂ ਨੂੰ ਦੱਸਿਆ ਗਿਆ ਕਿ ਪੰਜਾਬ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਸਭ ਤੋਂ ਵਧੀਆ ਬੁਨਿਆਦੀ ਢਾਂਚਾ ਅਤੇ ਅਨੁਕੂਲ ਮਾਹੌਲ ਉਪਲਬਧ ਹੈ।" ਉਨ੍ਹਾਂ ਅੱਗੇ ਕਿਹਾ, "ਇਸ ਨਾਲ ਸੂਬੇ ਦੇ ਆਰਥਿਕ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਨੂੰ ਵੱਡਾ ਹੁਲਾਰਾ ਮਿਲੇਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਦਾਵਤ ਰਾਈਸ ਬ੍ਰਾਂਡ ਨਾਮੀ ਐਲਟੀ ਫੂਡਜ਼ ਨੇ ਵੀ ਰਾਜਪੁਰਾ ਵਿੱਚ ਨਿਵੇਸ਼ ਕਰਨ ਲਈ ਸਹਿਮਤੀ ਦਿੱਤੀ ਹੈ।" ਉਨ੍ਹਾਂ ਅੱਗੇ ਕਿਹਾ, "ਕੰਪਨੀ ਦੁਨੀਆ ਭਰ ਦੇ 80 ਦੇਸ਼ਾਂ ਨੂੰ ਚੌਲ ਨਿਰਯਾਤ ਕਰਦੀ ਹੈ ਅਤੇ ਇਹ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵੱਲ ਇੱਕ ਵੱਡਾ ਕਦਮ ਹੋਵੇਗਾ।" ਉਨ੍ਹਾਂ ਅੱਗੇ ਕਿਹਾ, "ਚੌਲਾਂ ਲਈ ਵਰਤੀ ਜਾਣ ਵਾਲੀ ਤਕਨਾਲੋਜੀ ਵਿਸ਼ਵ ਭਰ ਵਿੱਚ ਸ਼ਲਾਘਾਯੋਗ ਰਹੀ ਅਤੇ ਇਸ ਨਾਲ ਸੂਬੇ ਨੂੰ ਵੱਡਾ ਹੁਲਾਰਾ ਮਿਲੇਗਾ।" ਉਨ੍ਹਾਂ ਨੇ ਫਲਾਵਰ ਆਕਸ਼ਨ ਦਾ ਵੀ ਦੌਰਾ ਕੀਤਾ ਜਿੱਥੇ ਇਕ ਸੁਚੱਜੀ ਪ੍ਰਣਾਲੀ ਰਾਹੀਂ ਰੋਜ਼ਾਨਾ 4 ਕਰੋੜ ਤੋਂ ਵੱਧ ਫੁੱਲਾਂ ਦਾ ਵਪਾਰ ਕੀਤਾ ਜਾਂਦਾ ਹੈ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਦੌਰਾਨ 22 ਅਪ੍ਰੈਲ ਨੂੰ ਵਫ਼ਦ ਫਿਨਲੈਂਡ ਦੌਰੇ 'ਤੇ ਗਿਆ ਜਿੱਥੇ ਵਫ਼ਦ ਨੇ ਪੰਜਾਬੀ ਭਾਈਚਾਰੇ ਨਾਲ ਗੱਲਬਾਤ ਕੀਤੀ ਅਤੇ ਫਿਨਲੈਂਡ ਦੇ ਰਾਜਦੂਤ ਹੇਮੰਤ ਐਚ. ਕੋਟਲਵਾੜ ਨਾਲ ਮੁਲਾਕਾਤ ਕੀਤੀ।" ਉਨ੍ਹਾਂ ਕਿਹਾ, "ਇਸ ਦੌਰੇ ਦਾ ਉਦੇਸ਼ ਪਰਵਾਸੀ ਪੰਜਾਬੀਆਂ ਨਾਲ ਜੁੜਨਾ, ਲੋਕਾਂ ਦਰਮਿਆਨ ਸੰਪਰਕ ਨੂੰ ਮਜ਼ਬੂਤ ਕਰਨਾ, ਸਿੱਖਿਆ, ਹੁਨਰ ਵਿਕਾਸ ਅਤੇ ਉੱਦਮਤਾ ਵਿੱਚ ਪਰਵਾਸੀਆਂ ਦੀ ਭੂਮਿਕਾ ਬਾਰੇ ਚਰਚਾ ਕਰਨਾ, ਨਿਵੇਸ਼, ਨਵੀਨਤਾ ਅਤੇ ਸਟਾਰਟ-ਅੱਪ ਲਈ ਮੌਕਿਆਂ ਦੀ ਪੜਚੋਲ ਕਰਨਾ ਅਤੇ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਣਕਾਰੀ ਸਾਂਝੀ ਕਰਨਾ ਸੀ।"

ਉਨ੍ਹਾਂ ਕਿਹਾ, "ਇਸ ਨਾਲ ਪੰਜਾਬੀ ਭਾਈਚਾਰੇ ਨਾਲ ਸਬੰਧਾਂ ਅਤੇ ਭਰੋਸੇ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਮਿਲੀ ਹੈ, ਸਿੱਖਿਆ ਅਤੇ ਹੁਨਰ ਵਿਕਾਸ ਵਿੱਚ ਸਹਿਯੋਗ ਲਈ ਰਾਹ ਪੱਧਰਾ ਹੋਇਆ ਹੈ ਅਤੇ ਨਿਵੇਸ਼ ਅਤੇ ਨਵੀਨਤਾ ਸਬੰਧੀ ਨਵੇਂ ਰਾਹ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਫਿਨਲੈਂਡ ਦੀ ਹਾਕੀ ਟੀਮ ਵਿੱਚ ਪੰਜ ਖਿਡਾਰੀ ਪੰਜਾਬੀ ਹਨ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਾਕੀ ਕਲੱਬ ਨੇ ਫਿਨਲੈਂਡ ਹਾਕੀ ਕਲੱਬ ਵੱਲੋਂ ਜਿੱਤਿਆ ਸੋਨ ਤਗਮਾ ਪਿਆਰ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਉਨ੍ਹਾਂ ਨੂੰ ਭੇਟ ਕੀਤਾ।" ਉਨ੍ਹਾਂ ਅੱਗੇ ਕਿਹਾ, "ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਪੰਜਾਬੀ ਖਿਡਾਰੀ ਦੁਨੀਆ ਭਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਰਹੇ ਹਨ।" ਉਨ੍ਹਾਂ ਅੱਗੇ ਕਿਹਾ, "ਪੰਜਾਬੀ ਖਿਡਾਰੀ ਨਾ ਸਿਰਫ਼ ਭਾਰਤ ਲਈ ਸਗੋਂ ਉਹ ਦੁਨੀਆ ਭਰ ਦੀਆਂ ਟੀਮਾਂ ਲਈ ਹਾਕੀ ਖੇਡਦੇ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੀਆਂ ਨੀਤੀਆਂ ਅਤੇ ਪ੍ਰਾਪਤੀਆਂ ਦੀ ਵਿਸ਼ਵ ਪੱਧਰ 'ਤੇ ਮਾਨਤਾ ਦੇ ਨਾਲ-ਨਾਲ ਸਟਾਰਟ-ਅੱਪਸ ਅਤੇ ਉੱਦਮਤਾ ਵਿੱਚ ਸੰਭਾਵੀ ਭਾਈਵਾਲੀ ਦੀ ਵੀ ਪੜਚੋਲ ਕੀਤੀ ਗਈ।" ਉਨ੍ਹਾਂ ਅੱਗੇ ਕਿਹਾ, "23 ਅਪ੍ਰੈਲ ਨੂੰ ਵਫ਼ਦ ਨੇ ਫਿਨਲੈਂਡ ਦੇ ਆਧੁਨਿਕ ਸਿੱਖਿਆ ਮਾਡਲ ਦਾ ਅਧਿਐਨ ਕੀਤਾ ਅਤੇ ਪ੍ਰੀ-ਸਰਵਿਸ ਟ੍ਰੇਨਿੰਗ ਅਤੇ ਨਿਰੰਤਰ ਪੇਸ਼ੇਵਰ ਵਿਕਾਸ ਬਾਰੇ ਡੂੰਘੀ ਸੂਝ ਪ੍ਰਾਪਤ ਕੀਤੀ।" ਉਨ੍ਹਾਂ ਕਿਹਾ, "ਵਫ਼ਦ ਨੇ ਕਲਾਸਰੂਮ ਅਭਿਆਸਾਂ, ਮੁਲਾਂਕਣ ਪ੍ਰਣਾਲੀਆਂ ਅਤੇ ਸਿੱਖਣ ਦੇ ਮਾਹੌਲ ਸਬੰਧੀ ਡਿਜ਼ਾਇਨ ਦੀ ਘੋਖ ਤੋਂ ਇਲਾਵਾ ਬਾਲ-ਕੇਂਦ੍ਰਿਤ ਅਤੇ ਖੇਡ-ਅਧਾਰਤ ਸਿਖਲਾਈ ਪ੍ਰਣਾਲੀਆਂ ਦਾ ਵੀ ਅਧਿਐਨ ਕੀਤਾ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਧਿਆਪਕ ਸਿਖਲਾਈ ਅਤੇ ਈਸੀਸੀਈ ਵਿੱਚ ਭਾਈਵਾਲੀ ਦੀ ਪੜਚੋਲ ਕਰਨ ਦੇ ਨਾਲ-ਨਾਲ ਪੰਜਾਬ ਵਿੱਚ ਅਧਿਆਪਕ ਸਮਰੱਥਾ, ਮੈਂਟਰਿੰਗ ਅਤੇ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਲਈ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।" ਉਨ੍ਹਾਂ ਅੱਗੇ ਕਿਹਾ, "ਇਸ ਨਾਲ ਫਿਨਲੈਂਡ ਦੀ ਉੱਨਤ ਸਿੱਖਿਆ ਪ੍ਰਣਾਲੀ ਅਤੇ ਕਲਾਸਰੂਮ ਪ੍ਰਬੰਧਨ ਅਤੇ ਮੁਲਾਂਕਣ ਅਭਿਆਸਾਂ ਬਾਰੇ ਡੂੰਘੀ ਜਾਣਕਾਰੀ ਮਿਲੀ।" ਉਨ੍ਹਾਂ ਅੱਗੇ ਕਿਹਾ, "ਅਧਿਆਪਕ ਸਿਖਲਾਈ ਅਤੇ ਈਸੀਸੀਈ ਵਿੱਚ ਸਹਿਯੋਗ ਦੇ ਮੌਕਿਆਂ ਦੀ ਪੜਚੋਲ ਤੋਂ ਇਲਾਵਾ ਅਧਿਆਪਕ ਸਿਖਲਾਈ ਅਤੇ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਲਈ ਵੀ ਭਾਈਵਾਲੀ ਕੀਤੀ ਗਈ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੀਟਿੰਗਾਂ ਦੌਰਾਨ ਸਿੱਖਿਆ ਖੇਤਰ ਵਿੱਚ ਨਵੀਨਤਾ ਦੇ ਭਵਿੱਖੀ ਮੌਕਿਆਂ ਬਾਰੇ ਵੀ ਵਿਆਪਕ ਚਰਚਾ ਕੀਤੀ ਗਈ।" ਉਨ੍ਹਾਂ ਅੱਗੇ ਕਿਹਾ, "ਵਫ਼ਦ ਨੇ ਤਾਂ ਰਕੂ ਯੂਨੀਵਰਸਿਟੀ ਅਤੇ ਇਸਦੇ ਅਰਲੀ ਚਾਈਲਡਹੁੱਡ ਐਜੂਕੇਸ਼ਨ ਐਂਡ ਕੇਅਰ ਸੈਂਟਰ ਦਾ ਵੀ ਦੌਰਾ ਕੀਤਾ। ਪੰਜਾਬ ਵੱਲੋਂ ਪਹਿਲਾਂ ਹੀ ਤਿੰਨ ਬੈਚਾਂ ਰਾਹੀਂ 216 ਪ੍ਰਾਇਮਰੀ ਅਧਿਆਪਕਾਂ ਨੂੰ ਸਿਖਲਾਈ ਲਈ ਭੇਜਿਆ ਜਾ ਚੁੱਕਾ ਹੈ।" ਉਨ੍ਹਾਂ ਅੱਗੇ ਕਿਹਾ, "ਪਹਿਲਾ ਬੈਚ 20 ਅਕਤੂਬਰ ਤੋਂ 8 ਨਵੰਬਰ, 2024 ਨੂੰ, ਦੂਜਾ ਬੈਚ 17 ਤੋਂ 28 ਮਾਰਚ, 2025 ਨੂੰ, ਤੀਜਾ ਬੈਚ 17 ਤੋਂ 18 ਨਵੰਬਰ, 2025 ਨੂੰ ਭੇਜਿਆ ਗਿਆ ਸੀ ਅਤੇ 72 ਅਧਿਆਪਕਾਂ ਦਾ ਚੌਥਾ ਬੈਚ 18 ਮਈ, 2026 ਨੂੰ ਭੇਜਿਆ ਜਾਵੇਗਾ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਪੰਜਾਬ ਨੂੰ ਦੁਨੀਆ ਭਰ ਵਿੱਚ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਦਰਸਾਇਆ।" ਉਨ੍ਹਾਂ ਅੱਗੇ ਕਿਹਾ, "ਪਹਿਲਾਂ ਜਾਪਾਨ ਅਤੇ ਕੋਰੀਆ ਦੇ ਦੌਰੇ ਦੇ ਸਾਰਥਕ ਨਤੀਜੇ ਸਾਹਮਣੇ ਆਏ ਕਿਉਂਕਿ ਸੂਬਾ ਸਰਕਾਰ ਇਨ੍ਹਾਂ ਦੋਵਾਂ ਦੇਸ਼ਾਂ ਤੋਂ ਨਿਵੇਸ਼ ਆਕਰਸ਼ਿਤ ਕਰਨ ਵਿੱਚ ਸਫਲ ਰਹੀ ਸੀ।" ਉਨ੍ਹਾਂ ਅੱਗੇ ਕਿਹਾ, "ਮੈਨੂੰ ਉਮੀਦ ਹੈ ਕਿ ਨੀਦਰਲੈਂਡ ਅਤੇ ਫਿਨਲੈਂਡ ਦੀ ਇਹ ਫੇਰੀ ਵੀ ਸੂਬੇ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦੇਵੇਗੀ।" ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੰਜੀਵ ਅਰੋੜਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

Space available for Ad
Contact # +1 (209) 303-1260
Contact # +91 81463-20009

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




## LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA



ਬਰਜਿੰਦਰ ਕੌਰ ਬਿਸਰਾਓ
99889-01324

# ਖ਼ੁਦ ਨਾਲ ਲੜਨਾ ਛੱਡੋ

ਅੱਜ ਵਿਗਿਆਨ ਤਰੱਕੀਆਂ ਦੀ ਸਿਖਰਾਂ ਨੂੰ ਛੂਹ ਰਿਹਾ ਹੈ, ਦੁਨੀਆਂ ਵਿੱਚ ਨਵੀਨੀਕਰਨ ਹੋ ਰਿਹਾ ਹੈ, ਸੁੱਖ ਸਹੂਲਤਾਂ ਦੇ ਭੰਡਾਰ ਲੱਗੇ ਹੋਏ ਹਨ, ਐਸ਼ੋ ਇਸ਼ਰਤ ਦੀ ਹਰ ਸ਼ੈਅ ਮੌਜੂਦ ਹੈ ਪਰ ਫਿਰ ਵੀ ਮਨੁੱਖ ਦੁਖੀ ਹੈ, ਮਾਨਸਿਕ ਤਣਾਓ ਵਿੱਚ ਹੈ ,ਹਰ ਸਮੇਂ ਅੰਦਰੋਂ ਅੰਦਰ ਘੁਲਦਾ ਰਹਿੰਦਾ ਹੈ ਤੇ ਆਪਣੇ ਆਪ ਨਾਲ ਲੜਦਾ ਰਹਿੰਦਾ ਹੈ। ਇਸ ਤੋਂ ਉਲਟ ਜੇ ਅੱਧੀ ਕੁ ਸਦੀ ਪਿਛਾਂਹ ਨੂੰ ਝਾਤੀ ਮਾਰੀਏ ਤਾਂ ਮਨੁੱਖ ਦੀ ਜ਼ਿੰਦਗੀ ਵਿੱਚੋਂ ਅੱਜ ਵਾ਼ਲੀਆਂ ਸਾਰੀਆਂ ਐਸ਼ੋ ਇਸ਼ਰਤ ਦੀਆਂ ਚੀਜ਼ਾਂ ਅਤੇ ਸੁੱਖ ਸਾਧਨ ਮਨਫੀ ਹੋ ਜਾਣਗੇ ਪਰ ਮਨੁੱਖ ਦੀ ਮਾਨਸਿਕ ਖੁਸ਼ੀ ਅੱਜ ਨਾਲੋਂ ਕਈ ਗੁਣਾ ਵੱਧ ਨਜ਼ਰ ਆਵੇਗੀ। ਉਦੋਂ ਦਾ ਮਨੁੱਖ ਮਿਹਨਤਕਸ਼, ਗਰਮੀਆਂ ਦੀਆਂ ਧੁੱਪਾਂ, ਸਰਦੀਆਂ ਦੀਆਂ ਠੰਢਾਂ ਵਿੱਚ,ਪੈਦਲ ਤੁਰ ਕੇ,ਵਾਣ ਵਾਲੇ ਮੰਜਿਆਂ ਉੱਤੇ ਘਰੋੜੇ ਸੌਂ ਕੇ ਵੀ ਆਨੰਦਮਈ ਨੀਂਦ ਲੈਂਦਾ ਨਜ਼ਰ ਆਵੇਗਾ। ਅੱਜ ਘਰ ਵਿੱਚ ਏਸੀਆਂ ਦੀ ਠੰਢਕ ਵੀ ਉਸ ਦੇ ਦਿਮਾ਼ਗ ਨੂੰ ਸ਼ਾਂਤ ਨਹੀਂ ਕਰ ਰਹੀ, ਵਾਹਨਾਂ ਦੀ ਸਵਾਰੀ ਕਰਕੇ ਵੀ ਉਹ ਮੀਲਾਂ ਤੁਰਨ ਵਾਲੇ ਵਿਅਕਤੀਆਂ ਤੋਂ ਵੱਧ ਅੱਕਿਆ ਤੇ ਥੱਕਿਆ ਹੋਇਆ ਨਜ਼ਰ ਆਉਂਦਾ ਹੈ।

ਉਸ ਅੰਦਰ ਨਾਮੋਸ਼ੀ ਹੈ,ਉਸ ਅੰਦਰ ਅਸੰਤੁਸ਼ਟਤਾ ਹੈ, ਉਸ ਅੰਦਰ ਸਾੜਾ ਹੈ ਕਿਉਂਕਿ ਉਸ ਅੰਦਰ ਸਿਰਫ਼ ਨਿੱਜਤਾ ਹੈ ਜਿਸ ਕਰਕੇ ਉਸ ਦੀ ਸੋਚ ਦਾ ਦਾਇਰਾ ਸੁੰਗੜ ਗਿਆ ਹੈ। ਉਸ ਦੀ ਸੋਚ ਉਸ ਨੂੰ ਆਪਣੇ ਤੋਂ ਉੱਪਰ ਕੁਝ ਹੋਰ ਸੋਚਣ ਹੀ ਨਹੀਂ ਦਿੰਦੀ ਜਿਸ ਕਰਕੇ ਉਸ ਦੀ ਸੋਚ ਨੇ ਹੀ ਉਸ ਦੇ ਮਨ ਅੰਦਰ ਕਲੇਸ਼ ਪਾਇਆ ਹੋਇਆ ਹੈ । ਜਿਸ ਕਰਕੇ ਉਹ ਆਪਣੇ ਆਪ ਨਾਲ ਹੀ ਲੜਦਾ ਰਹਿੰਦਾ ਹੈ।

ਅੱਜ ਦਾ ਮਨੁੱਖ ਆਪਣੀ ਗ਼ਰੀਬੀ ਤੋਂ ਘੱਟ ਦੁਖੀ ਹੈ ਪਰ ਦੂਜਿਆਂ ਦੀ ਅਮੀਰੀ ਉਸ ਨੂੰ ਬਹੁਤ ਸਤਾ ਰਹੀ ਹੈ। ਆਪਣੀ ਔਲਾਦ ਦੇ ਭਵਿੱਖ ਦੀ ਚਿੰਤਾ ਨਾਲੋਂ ਜ਼ਿਆਦਾ ਦੂਜਿਆਂ ਦੀ ਔਲਾਦ ਦੀ ਤਰੱਕੀ ਦਾ ਸਾੜਾ ਵੱਧ ਹੈ। ਆਪਣੇ ਘਰ ਦੀ ਛੱਤ ਦਾ ਆਨੰਦ ਲੈਣ ਦੀ ਬਜਾਏ ਦੂਜਿਆਂ ਦੀਆਂ ਕੋਠੀਆਂ ਉਸ ਦੀ ਸੋਚ ਦੇ ਰਸਤੇ ਘੇਰ ਕੇ ਖੜੀਆਂ ਹਨ। ਉਹ ਦੂਜਿਆਂ ਦੀ ਜਿੱਤ ਨੂੰ ਆਪਣੀ ਹਾਰ ਮੰਨਣ ਲੱਗ ਪਿਆ ਹੈ, ਦੂਜਿਆਂ ਦੀ ਖੁਸ਼ੀ ਉਸ ਅੰਦਰ ਉਦਾਸੀ ਪੈਦਾ ਕਰਦੀ ਹੈ। ਗੱਲ ਕੀ, ਅੱਜ ਮਨੁੱਖ ਕੋਲ ਸਭ ਕੁਝ ਹੁੰਦਿਆਂ ਹੋਇਆਂ ਵੀ ਸੋਚ ਪੱਖੋਂ ਗਰੀਬ ਹੋ ਗਿਆ ਹੈ। ਪ੍ਰਗਤੀ ਦੇ ਨਾਂ ਤੇ ਉਸ ਦੇ ਹਿੱਸੇ ਸਿਰਫ਼ ਮਾਨਸਿਕ ਉਲਝਣਾਂ ਹੀ ਆਈਆਂ ਹਨ। ਅੱਜ ਮਨੁੱਖ ਆਪਣੇ ਆਪ ਨਾਲ ਲੜਦਾ ਹੋਇਆ ਮਾਨਸਿਕ ਤੌਰ ਤੇ ਐਨਾ ਕਮਜ਼ੋਰ ਹੋ ਜਾਂਦਾ ਹੈ ਕਿ ਉਸ ਨੂੰ ਰਿਸ਼ਤਿਆਂ ਦੀ ਕਦਰ ਭੁੱਲ ਜਾਂਦੀ ਹੈ, ਆਪਣੀ ਅਨਮੋਲ ਜ਼ਿੰਦਗੀ ਦੀ ਕੀਮਤ ਨਜ਼ਰ ਨਹੀਂ ਆਉਂਦੀ, ਆਪਣੀ ਜ਼ਿੰਦਗੀ ਦੇ ਮਕਸਦ ਭੁੱਲ ਜਾਂਦਾ ਹੈ ਤੇ ਅਚਾਨਕ ਹੀ ਕਈ ਤਰ੍ਹਾਂ ਦੇ ਭਿਆਨਕ ਕਦਮ ਉਠਾ ਬੈਠਦਾ ਹੈ। ਉਦਾਹਰਣ ਵਜੋਂ ਇੱਕ ਬਾਪ ਨੇ ਆਪਣੇ ਤਿੰਨ ਸਾਲ ਦੇ ਇਕਲੌਤੇ ਪੁੱਤਰ ਨੂੰ ਇਸ ਲਈ ਮਾਰ ਦਿੰਦਾ ਹੈ ਕਿ ਉਹ ਵੀ ਕਿਤੇ ਵੱਡਾ ਹੋ ਕੇ ਉਸ ਵਾਂਗ ਦਿਹਾੜੀਦਾਰ ਨਾ ਬਣੇ,ਇਹ ਉਸ ਦੇ ਦਿਮਾ਼ਗ ਅੰਦਰ ਚੱਲਦੀਆਂ ਸੋਚਾਂ ਦੀ ਲੜਾਈ ਦਾ ਹੀ ਤਾਂ ਨਤੀਜਾ ਸੀ। । ਜੇ ਕਿਤੇ ਉਹ ਆਪਣੀ ਪਤਨੀ ਨਾਲ ਇਸ ਬਾਰੇ ਗੱਲ ਕਰਦਾ ਤਾਂ ਹੋ ਸਕਦਾ ਉਹ ਉਸ ਨੂੰ ਹੌਂਸਲਾ ਦਿੰਦੀ ਕਿ ਉਹ ਉਸ ਨੂੰ ਪੜ੍ਹਾ ਲਿਖਾ ਕੇ ਉਸ ਦਾ ਭਵਿੱਖ ਉਸਾਰਨਗੇ ਤਾਂ ਉਸ ਦੀ ਆਪਣੀ ਦਿਮਾਗੀ ਲੜਾਈ ਖ਼ਤਮ ਹੋ ਕੇ ਸਾਕਾਰਾਤਮਕ ਸੋਚ ਪੈਦਾ ਹੁੰਦੀ। ਇੱਕ ਮਾਂ ਬਾਪ ਨੇ ਤਿੰਨ ਸਾਲ ਦੀ ਆਪਣੀ ਧੀ ਦੀ ਬੀਮਾਰੀ ਤੋਂ ਦੁਖੀ ਹੋ ਕੇ ਧੀ ਸਮੇਤ ਆਤਮਹੱਤਿਆ ਕਰ ਲਈ,ਡਟ ਕੇ ਹਿੰਮਤ ਨਾਲ ਮੁਸੀਬਤ ਦਾ ਸਾਹਮਣਾ ਕਰਕੇ ਬੱਚੇ ਦਾ ਇਲਾਜ ਕਰਵਾਉਣ ਦੀ ਥਾਂ ਆਤਮਹੱਤਿਆ ਦਾ ਰਾਹ ਚੁਣਨਾ ਕਿੰਨੀ ਵੱਡੀ ਕਾਇਰਤਾ ਹੈ।

ਇਸੇ ਤਰ੍ਹਾਂ ਔਲਾਦ ਦੁਆਰਾ ਮਾਪਿਆਂ ਨੂੰ ਮਾਰ ਦੇਣਾ,ਭਾਈ ਭੈਣ ਨੂੰ ਜਾਂ ਭੈਣ ਭਰਾ ਨੂੰ ਜਾਂ ਫਿਰ ਇਸ ਤੋਂ ਵੀ ਵੱਧ ਦੂਜਿਆਂ ਨੂੰ ਮੁਸੀਬਤ ਵਿੱਚ ਪਾਉਣ ਖਾਤਰ ਕਿਸੇ ਦਾ ਵੀ ਨਾਂ ਲੈ ਕੇ ਆਤਮਹੱਤਿਆ ਕਰ ਲੈਣਾ। ਇਹ ਸਭ ਖ਼ੁਦ ਨਾਲ ਲੜਨ ਦੇ ਨਤੀਜੇ ਹੀ ਤਾਂ ਨਿਕ਼ਲਦੇ ਹਨ। ਜਦੋਂ ਮਨੁੱਖ ਅੰਦਰ ਆ਼ਲੇ ਦੁਆ਼ਲੇ ਦੇ ਵਾਤਾਵਰਨ ਨੂੰ ਵੇਖ ਕੇ ਉਸ ਵਿੱਚੋਂ ਪੈਦਾ ਹੋਈਆਂ ਮਨ ਦੇ ਅੰਦਰ ਵਾ਼ਲੀਆਂ ਸੋਚਾਂ ਨੂੰ ਉਹ ਨਕਾਰਾਤਮਕ ਢੰਗ ਨਾਲ ਲੈਕੇ ਸੋਚਦਾ ਹੈ ਤਾਂ ਉਸ ਅੰਦਰ ਇਹ ਵਾਵਰੋਲਿਆਂ ਵਾਂਗ ਕੰਮ ਕਰਦੀਆਂ ਹਨ। ਵਾਵਰੋਲੇ ਤਾਂ ਫਿਰ ਤਬਾਹੀ ਹੀ ਮਚਾਉਂਦੇ ਹਨ ਚਾਹੇ ਉਹ ਸੋਚਾਂ ਵਾਲੇ ਵਾਵਰੋਲੇ ਹੀ ਕਿਉਂ ਨਾ ਹੋਣ।ਆਓ ਆਪਾਂ ਗੱਲ ਕਰਦੇ ਹਾਂ ਕਿ ਸਾਡੇ ਅੰਦਰ ਇਹ ਨਾਕਾਰਾਤਮਕ ਸੋਚ ਪੈਦਾ ਹੀ ਕਿਉਂ ਹੁੰਦੀ ਹੈ?

ਅੱਜ ਮਨੁੱਖ ਦੇ ਦਿਮਾ਼ਗ ਉੱਪਰ ਪਦਾਰਥਵਾਦੀ ਸੋਚ ਭਾਰੂ ਹੋਣ ਕਰਕੇ ਉਹ ਆਪਣੇ ਜਾਣ ਪਛਾਣ ਵਾਲਿਆਂ ਨਾਲ ਸਮਾਜਿਕ ਤੇ ਆਰਥਿਕ ਬਰਾਬਰੀ ਦੀ ਖਾਤਰ ਆਪਣੇ ਮਨ ਦੇ ਸੁੱਖ ਚੈਨ ਖੋ ਬੈਠਦਾ ਹੈ। ਉਸ ਦੀ ਸੋਚ ਉੱਤੇ ਆਪਣੇ ਆਪ ਨੂੰ ਅਤੇ 'ਸਟੇਟਸ ਸਿੰਬਲ' ਨੂੰ ਦੁਨੀਆਂ ਸਾਹਮਣੇ ਉੱਚਾ ਦਿਖਾਉਣ ਦੀ ਹੋੜ ਨੇ ਕਬਜ਼ਾ ਕਰ ਲਿਆ ਹੈ ਜਿਸ ਕਰਕੇ ਉਹ ਦੁਖੀ ਹੈ ਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿਣ ਲੱਗ ਪਿਆ ਹੈ। ਇਸ ਪ੍ਰੇਸ਼ਾਨੀ ਦਾ ਹੱਲ ਵੀ ਉਸ ਕੋਲ ਹੀ ਹੈ। ਇਸ ਲਈ ਉਸ ਨੂੰ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਖੁਸ਼ ਰੱਖਣ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਉਸ ਦੀ ਸੋਚਾਂ ਵਾ਼ਲੀ ਖਿੱਚੋਤਾਣ ਖਤਮ ਹੋ ਸਕੇ।

ਗੁਰੂ ਨਾਨਕ ਦੇਵ ਜੀ ਦਾ ਮਹਾਂ ਵਾਕ "ਮਨਜੀਤੇ ਜਗਜੀਤ " ਦਾ ਸਿਧਾਂਤ ਵੀ ਤਾਂ ਮਨ ਦੀ ਸ਼ਕਤੀ ਦਾ ਭਾਵ ਹੀ ਦਰਸਾਉਂਦਾ ਹੈ। ਇਹ ਤੁਕ ‘ਜਪੁਜੀ ਸਾਹਿਬ ਦੀ 27ਵੀਂ ਪਉੜੀ ਵਿੱਚ ਦਰਜ ਹੈ। ਇਸ ਵਿੱਚ ਗੁਰੂ ਸਾਹਿਬ ਨੇ ਇਹੀ ਦੱਸਿਆ ਹੈ ਕਿ ਮਨੁੱਖ ਆਪਣੇ ਮਨ ‘ਤੇ ਕਾਬੂ ਪਾ ਕੇ ਹੀ ਸਾਰੇ ਸੰਸਾਰ ਨੂੰ ਜਿੱਤ ਲੈਣ ਦੇ ਸਮਰੱਥ ਹੋ ਸਕਦਾ ਹੈ। ਇਸ ਦੇ ਲਈ ਮਨੁੱਖ ਨੂੰ ਆਪਣੀ ਸੋਚ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਉਸ ਨੂੰ ਆਪਣੀ ਸੋਚ ਨੂੰ ਆਪਣੇ ਵਸ ਵਿੱਚ ਕਰਨਾ ਪਵੇਗਾ ਨਾ ਕਿ ਖ਼ੁਦ ਨੂੰ ਸੋਚ ਦੇ ਵਸ ਕਰੇ।ਇਹ ਛੋਟੀ ਜਿਹੀ ਗੱਲ ਬਹੁਤ ਵੱਡੇ ਸਾਕਾਰਾਤਮਕ ਨਤੀਜੇ ਦੇ ਸਕਦੀ ਹੈ।

ਮਨੁੱਖ ਨੂੰ ਆਪਣੀ ਸੋਚ ਨੂੰ ਬਦਲਣ ਲਈ ਹਰ ਵੇਲੇ ਆਪਣੀ ਸੋਚ ਵੱਲ ਧਿਆਨ ਦੇਣਾ ਪਵੇਗਾ। ਜਦੋਂ ਵੀ ਉਸ ਦੀ ਸੋਚ ਵਿੱਚ ਕ੍ਰੋਧ, ਈਰਖਾ,ਵੈਰ,ਵਿਰੋਧ ਜਾਂ ਫਿਰ ਬਦਲੇ ਦੀ ਭਾਵਨਾ ਉਤਪੰਨ ਹੋਣ ਲੱਗੇ ਉਸੇ ਸਮੇਂ ਆਪਣੀ ਸੋਚ ਨੂੰ ਉਧਰੋਂ ਹਟਾ ਕੇ ਕਿਸੇ ਚੰਗੇ ਕੰਮ ਜਾਂ ਮਕਸਦ ਵੱਲ ਲੈ ਕੇ ਜਾਵੇ। ਉਸ ਉੱਤੇ ਕੰਮ ਕਰਨਾ ਸ਼ੁਰੂ ਕਰੇ। ਮਨ ਵਿੱਚ ਆਈਆਂ ਬੁਰੀਆਂ ਸੋਚਾਂ ਨੂੰ ਵਾਰ ਵਾਰ ਸੋਚ ਕੇ ਲੱਕੜੀ ਦੇ ਘੁਣ ਵਾਂਗ ਵਧਣ ਤੋਂ ਰੋਕਿਆ ਜਾਵੇ। ਜਿਹੜੀਆਂ ਗੱਲਾਂ ਜਾਂ ਵਿਅਕਤੀ ਮਨ ਅੰਦਰ ਕ੍ਰੋਧ ਪੈਦਾ ਕਰਨ ਉਹਨਾਂ ਬਾਰੇ ਸੋਚਣਾ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ।

ਹਰ ਮਨੁੱਖ ਨੂੰ ਜ਼ਿੰਦਗੀ ਵਿੱਚ ਆਪਣੇ ਆਪ ਨੂੰ ਕਿਸੇ ਤੋਂ ਘੱਟ ਜਾਂ ਘਟੀਆ ਨਹੀਂ ਸਮਝਣਾ ਚਾਹੀਦਾ। ਜੇ ਆਰਥਿਕ ਤੌਰ ਤੇ ਸਥਿਤੀ ਮਜ਼ਬੂਤ ਨਹੀਂ ਤਾਂ ਵਿਚਾਰਕ ਸਥਿਤੀ ਐਨੀ ਮਜ਼ਬੂਤ ਕਰੋ ਕਿ ਹਰ ਕੋਈ ਤੁਹਾਡੇ ਵਿਚਾਰਾਂ ਦਾ ਕਾਇਲ ਹੋ ਜਾਵੇ। ਆਪਣੀ ਬੁੱਧੀ ਦੀ ਪ੍ਰਸ਼ੰਸਾ ਕਿਸੇ ਅਮੀਰੀ ਤੋਂ ਘੱਟ ਨਹੀਂ ਹੁੰਦੀ।

ਜਿਹੜੇ ਲੋਕ ਹਮਦਰਦ ਬਣ ਕੇ ਕਮਜ਼ੋਰੀ ਨੂੰ ਵਾਰ ਵਾਰ ਸਾਹਮਣੇ ਲਿਆ ਕੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹੋਣ ਤਾਂ ਉਹਨਾਂ ਤੋਂ ਕਿਨਾਰਾ ਕੀਤਾ ਹੀ ਠੀਕ ਹੁੰਦਾ ਹੈ। ਮਨੁੱਖ ਨੂੰ ਆਪਣੇ ਦਿਮਾਗ ਵਿੱਚ ਇਹ ਗੱਲ ਜਰੂਰ ਬਿਠਾ ਲੈਣੀ ਚਾਹੀਦੀ ਹੈ ਕਿ ਉਹ ਇੱਕ ਇਨਸਾਨ ਬਣ ਕੇ ਧਰਤੀ ਤੇ ਆਇਆ ਹੈ ਤਾਂ ਇਸ ਤੋਂ ਵੱਡੀ ਅਮੀਰੀ ਹੋਰ ਕੀ ਹੋ ਸਕਦੀ ਹੈ।ਜੇ ਮਨੁੱਖ ਆਪਣਿਆਂ ਨਾਲ ਪਿਆਰ ਅਤੇ ਸਤਿਕਾਰ ਵਧਾਉਣ ਦੀ ਕੋਸ਼ਿਸ਼ ਕਰੇਗਾ, ਆਪਣੇ ਦੁੱਖ਼ ਸੁੱਖ ਸਾਂਝੇ ਕਰਨ ਦੀ ਆਦਤ ਪਾਵੇਗਾ, ਦੂਜਿਆਂ ਦੇ ਦੁੱਖਾਂ ਨੂੰ ਵੰਡਾ ਕੇ ਖੁਸ਼ੀ ਹਾਸਲ ਕਰੇਗਾ, ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ੀ ਮਨਾਉਣ ਲੱਗ ਪਵੇਗਾ,ਰਾਤੋ ਰਾਤ ਸਫ਼ਲਤਾ ਹਾਸਲ ਕਰਨ ਦੀ ਬਜਾਏ 'ਸਹਿਜ ਪਕੇ ਸੋ ਮੀਠਾ ਹੋਇ' ਦੇ ਸਿਧਾਂਤ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਏਗਾ ਤਾਂ ਉਹ ਖ਼ੁਦ ਨਾਲ ਲੜਨਾ ਛੱਡ ਕੇ ਇੱਕ ਖੁਸ਼ਹਾਲ ਜੀਵਨ ਬਤੀਤ ਕਰਨ ਦੇ ਸਮਰੱਥ ਹੋ ਜਾਵੇਗਾ।

ਇਸ ਤਰ੍ਹਾਂ ਕਰਨ ਲਈ ਆਪਣੀ ਨਕਾਰਾਤਮਿਕ ਸੋਚ ਨੂੰ ਵਾਰ ਵਾਰ ਦੂਰ ਭਜਾ ਕੇ ਸਕਾਰਾਤਮਕ ਸੋਚ ਮਨ ਵਿੱਚ ਪੈਦਾ ਕਰਨੀ ਪਵੇਗੀ ਬਿਲਕੁਲ ਉਸੇ ਤਰ੍ਹਾਂ ਜਿਵੇਂ ਇੱਕ ਗਾਰੇ ਨਾਲ ਭਰੇ ਕੱਚ ਦੇ ਗਿਲਾਸ ਨੂੰ ਵਗਦੇ ਸਾਫ਼ ਪਾਣੀ ਦੀ ਟੂਟੀ ਹੇਠ ਰੱਖ ਦਿਓਂਗੇ ਤਾਂ ਕੁਝ ਮਿੰਟਾਂ ਵਿੱਚ ਉਸ ਵਿੱਚੋਂ ਗਾਰਾ ਨਿਕਲ ਜਾਵੇਗਾ ਤੇ ਗਲਾਸ ਸਾਫ਼ ਪਾਣੀ ਨਾਲ ਭਰਿਆ ਨਜ਼ਰ ਆਵੇਗਾ। ਆਪਣੇ ਮੈ਼ਲੇ ਵਿਚਾਰਾਂ ਉੱਪਰ ਆਪਣੀ ਸਾਕਾਰਾਤਮਕ ਸੋਚ ਐਨੀ ਭਾਰੂ ਕਰ ਦੇਵੋ ਕਿ ਤੁਹਾਡੇ ਮਨ ਦੇ ਵਿਚਾਰਾਂ ਦੀ ਲੜਾਈ ਖ਼ਤਮ ਹੋ ਕੇ ਚੰਗੀ ਸੋਚ ਦੇ ਧਾਰਨੀ ਬਣ ਜਾਓ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA



Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# MANI GREWAL

## STANISLAUS COUNTY | DISTRICT 4 SUPERVISOR

ਸਤ ਸ਼੍ਰੀ ਅਕਾਲ ਜੀ

**Stanislaus County Supervisor District-4**
ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।
ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ
ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।
ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ Business Administration ਵਿੱਚ Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ
ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ




**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**
**ਸਤ ਸ਼੍ਰੀ ਅਕਾਲ ਜੀ**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-


With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205



ਸਾਂਝੀ ਸੋਚ
ਸਰਬਜੀਤ ਸਿੰਘ
ਜਰਮਨੀ

# ਗੁਰਦੁਆਰਾ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ

ਅਸੀਂ ਸਿੱਖ ਸੰਗਤਾਂ ਆਪਣੇ ਗੁਰੂ ਸਾਹਿਬਾਨਾਂ ਨੂੰ ਅਤੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਹਮੇਸ਼ਾ ਸਮਰਪਿਤ ਹਾਂ। ਸਾਨੂੰ ਪੈਦਾ ਕਰਨ, ਸਾਡੀ ਹੋਂਦ ਦਰਸਾਉਣ, ਸਾਨੂੰ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਬਖਸ਼ਿਸ਼ ਕਰਨ, ਸਾਡੇ ਹਰ ਰਿਸ਼ਤੇ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣ, ਦੁਨੀਆਂ ਵਿੱਚ ਵਿਚਰਦਿਆਂ ਸਾਡੇ ਸਤਿਕਾਰ ਤੇ ਵਜੂਦ ਨੂੰ ਕਾਇਮ ਕਰਨ ਆਦਿ ਵਿੱਚ ਸਾਡਾ ਗੁਰੂ ਸਾਡਾ ਸਹਾਈ ਹੁੰਦਾ ਹੈ। ਹਰ ਦੁੱਖ ਸੁੱਖ ਵਿੱਚ ਅਸੀਂ ਆਪਣੇ ਗੁਰੂ ਸਾਹਿਬ ਜੀ ਨੂੰ ਨਤਮਸਤਕ ਹੁੰਦੇ ਹਾਂ ਤੇ ਸ਼ੁਕਰਾਨਾ ਕਰਦੇ ਹਾਂ। ਇੱਥੇ ਹੀ ਬਸ ਨਹੀਂ ਸਗੋਂ ਸਾਡੀ ਜ਼ਿੰਦਗੀ ਨੂੰ ਮਾਨਣ ਤੋਂ ਬਾਅਦ ਵੀ ਅਸੀਂ ਆਪਣੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਜਾਣਾ ਲੋਚਦੇ ਹਾਂ। ਜਦੋਂ ਵੀ ਸਿੱਖ ਸੰਗਤਾਂ ਵਿੱਚ ਕੋਈ ਖੁਸ਼ੀ ਗ਼ਮੀ ਹੁੰਦੀ ਹੈ ਤਾਂ ਅਸੀਂ ਗੁਰਬਾਣੀ ਦਾ ਸਹਾਰਾ ਲੈਂਦੇ ਹਾਂ। ਬਾਹਰ ਪਰਦੇਸਾਂ ਵਿੱਚ ਕੁਝ ਕੁ ਸਿੱਖ ਸੰਗਤਾਂ ਨੇ ਆਪਣੇ ਘਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੁੰਦਾ ਹੈ ਪਰ ਵੱਡੀ ਗਿਣਤੀ ਸਿੱਖ ਸੰਗਤਾਂ ਗੁਰਦੁਆਰਾ ਸਾਹਿਬ ਜਾ ਕੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦੀਆਂ ਹਨ। ਦੁਨੀਆਂ ਵਿੱਚ ਸਿੱਖਾਂ ਨੇ ਆਪਣੇ ਗੁਰੂ ਸਾਹਿਬ ਜੀ ਦਾ ਓਟ-ਆਸਰਾ ਲੈ ਕੇ ਬਹੁਤ ਤਰੱਕੀ ਕੀਤੀ ਹੈ ਤੇ ਦੂਜੀਆਂ ਕੌਮਾਂ ਵਿੱਚ ਇੱਕ ਵੱਖਰੀ ਤੇ ਵਿਲੱਖਣ ਪਹਿਚਾਣ ਵੀ ਬਣਾਈ ਹੈ। ਦੂਜੇ ਧਰਮਾਂ ਦੇ ਲੋਕ ਵੀ ਸਾਡੇ ਗੁਰੂ ਗ੍ਰੰਥ ਸਾਹਿਬ ਵਿੱਚ ਸੱਚੀ ਸ਼ਰਧਾ ਰੱਖਦੇ ਨਜ਼ਰੀ ਆਉਂਦੇ ਹਨ। ਸਿੱਖਾਂ ਵਲੋਂ ਬਿਨਾਂ ਕਿਸੇ ਭੇਦਭਾਵ ਸਮੁੱਚੀ ਮਾਨਵਤਾ ਦੀ ਭਲਾਈ, ਸੇਵਾ, ਦਿਆਲੂ ਭਾਵਨਾ, ਪਿਆਰ-ਸਤਿਕਾਰ ਕਰਦਿਆਂ ਦੇਖ ਕੇ ਦੂਜੀਆਂ ਕੌਮਾਂ ਦੇ ਲੋਕ ਵੀ ਸਿੱਖ ਧਰਮ ਅਪਨਾ ਰਹੇ ਹਨ।

ਪਰ ਕੁਝ ਦਿਨ ਪਹਿਲਾਂ ਜਰਮਨੀ ਦੇ ਇੱਕ ਸ਼ਹਿਰ ਡੁਇਸਬਰਗ(ਧੁਸਿਬੁਰਗ) ਦੇ ਗੁਰਦੁਆਰਾ ਸਾਹਿਬ ਵਿੱਚ ਸਿੱਖ ਸੰਗਤਾਂ ਦੀ ਆਪਸੀ ਲੜਾਈ ਦੀ ਵੀਡੀਓ ਨੇ ਤਕਰੀਬਨ ਹਰ ਇੱਕ ਗੁਰੂ ਦੇ ਪਿਆਰੇ ਦਾ ਹਿਰਦਾ ਵਲੂੰਧਰਿਆ ਹੈ ਤੇ ਦੁਨੀਆਂ ਵਿੱਚ ਸਿੱਖਾਂ ਲਈ ਬਹੁਤ ਜ਼ਿਆਦਾ ਮਾੜਾ ਪ੍ਰਭਾਵ ਪਾਇਆ ਹੈ। ਚੰਗੇ ਤੇ ਮਾੜੇ ਲੋਕ ਹਰ ਪਰਿਵਾਰ, ਹਰ ਘਰ, ਹਰ ਪਿੰਡ, ਹਰ ਸ਼ਹਿਰ, ਹਰ ਦੇਸ਼ ਜਾਂ ਹਰ ਕੌਮ ਵਿੱਚ ਹੁੰਦੇ ਹਨ। ਸੁਣਨ ਤੇ ਦੇਖਣ ਵਿੱਚ ਆਇਆ ਹੈ ਕਿ ਇਸ ਗੁਰੂ ਘਰ ਵਿੱਚ ਇਹ ਤਕਰੀਬਨ ਇੱਕ ਡੇਢ ਦਹਾਕੇ ਤੋਂ ਇਹ ਲੜਾਈਆਂ ਆਏ ਦਿਨ ਹੀ ਹੋ ਰਹੀਆਂ ਹਨ। ਇਹਨਾਂ ਲੜਾਈਆਂ ਦੇ ਸਿੱਟੇ ਵਜੋਂ ਇਸ ਗੁਰਦੁਆਰਾ ਸਾਹਿਬ ਤੋਂ ਲਗਭਗ ਪੰਦਰਾਂ ਕੁ ਕਿੱਲੋਮੀਟਰ ਦੀ ਦੂਰੀ ਤੇ ਇੱਕ ਨਵਾਂ ਗੁਰਦੁਆਰਾ ਸਾਹਿਬ 'ਧੰਨ ਧੰਨ ਸ੍ਰੀ ਰਾਮਦਾਸ ਜੀ' ਬਣਾਇਆ ਗਿਆ ਹੈ ਜੋ ਪਿਛਲੇ ਚਾਰ ਸਾਲਾਂ ਤੋਂ ਬਹੁਤ ਸ਼ਾਂਤਮਈ, ਰੂਹਾਨੀ ਢੰਗ ਨਾਲ ਚੱਲ ਵੀ ਰਿਹਾ ਹੈ।

ਮਿਤੀ 24/04/2026 ਤੋਂ 26/04/2026 ਨੂੰ ਇਸ ਨਵੇਂ ਉਸਾਰੇ ਗੁਰਦੁਆਰਾ ਸਾਹਿਬ ਵਿੱਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਗਏ ਤੇ ਭੋਗ ਪੈਣ ਉਪਰੰਤ ਢਾਡੀ ਦੀਵਾਨ ਸਜਾਏ ਗਏ ਜਿਸ ਵਿੱਚ ਢਾਡੀ ਕਵੀਸ਼ਰੀ ਜੱਥਾ ਭਾਈ ਸਰਬਜੀਤ ਸਿੰਘ ਜੀ, ਰੋਮ-ਇਟਲੀ ਵਾਲਿਆਂ ਨੇ ਢਾਡੀ ਵਾਰਾਂ ਅਤੇ ਵਿਸਾਖੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਨਾਲ ਹੀ ਰਲ ਮਿਲ ਕੇ ਸੰਗਤਾਂ ਵੱਲੋਂ ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਗਈ। ਸਾਰੇ ਕਾਰਜ ਸੰਗਤਾਂ ਬਹੁਤ ਖੁਸ਼ੀ ਖੁਸ਼ੀ ਅਤੇ ਸਹਿਜ ਸਹਿਯੋਗ ਸੇਵਾ ਭਾਵਨਾ ਨਾਲ ਕਰਦੀਆਂ ਹਨ। ਜਰਮਨੀ ਦੇ ਕਨੂੰਨ ਅਨੁਸਾਰ ਉੱਥੇ ਕੋਈ ਪ੍ਰਧਾਨ, ਖਜ਼ਾਨਚੀ ਆਦਿ ਪ੍ਰਬੰਧਕੀ ਮੈਂਬਰ ਹਨ ਪਰ ਗੁਰਦੁਆਰਾ ਸਾਹਿਬ ਦਾ ਸਾਰਾ ਪ੍ਰਬੰਧ ਪਾਰਦਰਸ਼ੀ ਹੈ ਤੇ ਹਿਸਾਬ ਕਿਤਾਬ ਦਾ ਸਾਰਾ ਵੇਰਵਾ ਜੋੜਾ ਘਰ ਦੇ ਨਾਲ ਵੱਡੇ ਬੋਰਡ ਤੇ ਹਰ ਮਹੀਨੇ ਸਪਸ਼ਟ ਰੂਪ ਵਿੱਚ ਲਿਖ ਦਿੱਤਾ ਜਾਂਦਾ ਹੈ। ਹੁਣ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜੇਕਰ ਇਸ ਸ਼ਹਿਰ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਸਿੱਖ ਸੰਗਤਾਂ ਨੂੰ ਸ਼ਾਂਤਮਈ ਢੰਗ ਨਾਲ ਹਰ ਸਹੂਲਤ ਮਿਲ ਰਹੀ ਹੈ ਤਾਂ ਉਹ ਕੌਣ ਲੋਕ ਹਨ ਜੋ ਇਸੇ ਸ਼ਹਿਰ ਦੇ ਪੁਰਾਤਨ ਗੁਰਦੁਆਰਾ ਸਾਹਿਬ ਵਿੱਚ ਸਿੱਖ ਧਰਮ ਦੀ ਮਰਿਆਦਾ, ਭਰੋਸੇ, ਸਤਿਕਾਰ, ਭਾਵਨਾਵਾਂ ਨਾਲ ਖੇਡ ਰਹੇ ਹਨ ਤੇ ਆਏ ਦਿਨ ਦੰਗੇ-ਫ਼ਸਾਦ ਕਰਕੇ ਜਰਮਨੀ ਵਰਗੇ ਸੋਹਣੇ ਤੇ ਚੰਗੇ ਮੁਲਕ ਵਿੱਚ ਵੀ ਅਰਾਜਕਤਾ, ਅਹਿੰਸਾ, ਅਪਰਾਧ ਵਰਗਾ ਮਾਹੌਲ ਬਣਾ ਕੇ ਸਮੁੱਚੀ ਸਿੱਖ ਕੌਮ ਨੂੰ ਬਦਨਾਮ ਤੇ ਦੁਖੀ ਕਰ ਰਹੇ ਹਨ ? ਗੁਰੂ ਸਾਹਿਬ ਹੀ ਅਜਿਹੀ ਸੌੜੀ ਸੋਚ ਦੇ ਲੋਕਾਂ ਨੂੰ ਸੁਮੱਤ ਬਖ਼ਸ਼ਿਸ਼ ਕਰਨ। ਮਸਲਾ ਕੋਈ ਵੀ ਹੋਵੇ, ਰਲ ਮਿਲ ਬੈਠ ਕੇ ਹੱਲ ਕਰਨਾ ਚਾਹੀਦਾ ਹੈ। ਬੇਗਾਨੇ ਮੁਲਕ ਵਿੱਚ ਸਾਨੂੰ ਬਿਲਕੁਲ ਵੀ ਅਜਿਹਾ ਨਹੀਂ ਕਰਨਾ ਚਾਹੀਦਾ ਜਿਸ ਨਾਲ ਗੁਰਦੁਆਰਾ ਸਾਹਿਬ ਨੂੰ ਸਰਕਾਰ ਜਿੰਦਰਾ ਮਾਰ ਦੇਵੇ !




ਧੰਨ ਗੁਰੂ ਰਾਮਦਾਸ ਜੀ ਦੇ ਨਾਮ ਤੇ ਬਣੇ ਗੁਰਦੁਆਰਾ ਸਾਹਿਬ 'ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ' Gurdwara Dhan Dhan Shri Guru Ramdas ji, Elizabeth Str. 5-7, 47169, Duisburg, Germany ਲਈ ਤਹਿ ਦਿਲੋਂ ਸਤਿਕਾਰ ਸਹਿਤ ਅਰਦਾਸ ਕਰਦੇ ਹਾਂ ਕਿ ਇਹ ਪੂਰੀ ਦੁਨੀਆਂ ਵਿੱਚ ਸੋਭਾ ਪਾਏ ਤੇ ਇੱਥੇ ਨਤਮਸਤਕ ਹੋਣ ਵਾਲੀ ਸੰਗਤ ਨੂੰ ਗੁਰੂ ਸਾਹਿਬ ਜੀ ਹਮੇਸ਼ਾ ਖੁਸ਼ੀਆਂ, ਤਰੱਕੀਆਂ, ਤੰਦਰੁਸਤੀਆਂ ਤੇ ਚੜ੍ਹਦੀ ਕਲਾ ਵਿੱਚ ਰੱਖਣ।







Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company.
policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com




ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

## Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :


Green Card Case ਨੂੰ ਜਲਦੀ ਹੱਲ ਕਰਨ ਵਿੱਚ


CDL ਅਤੇ ਕੰਮ ਨੂੰ ਬਚਾਉਣ ਲਈ Legal Guidance


Deportation ਜਾਂ Immigration Detention Cases ਵਿੱਚ Legal Advice


Appeals ਅਤੇ Immigration Process ਵਿੱਚ ਸਹਾਇਤਾ


Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ


ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP
GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਅਜੋਕੇ ਯੁੱਗ ਵਿੱਚ ਗਲਤ ਜਾਣਕਾਰੀ

ਗਲਤ ਜਾਣਕਾਰੀ ਅਤੇ ਭ੍ਰਮਕ ਜਾਣਕਾਰੀ ਕੀ ਹੁੰਦੀ ਹੈ?

ਗਲਤ ਜਾਣਕਾਰੀ ਉਹ ਹੁੰਦੀ ਹੈ ਜੋ ਅਣਜਾਣੇ ਵਿੱਚ ਗਲਤ ਤਰੀਕੇ ਨਾਲ ਸਾਂਝੀ ਕੀਤੀ ਜਾਂਦੀ ਹੈ (ਇਸ ਵਿੱਚ ਕੋਈ ਮੰਦੀ ਨੀਅਤ ਨਹੀਂ ਹੁੰਦੀ)।

ਭ੍ਰਮਕ ਜਾਣਕਾਰੀ ਉਹ ਹੁੰਦੀ ਹੈ ਜੋ ਜਾਣ-ਬੁੱਝ ਕੇ ਲੋਕਾਂ ਨੂੰ ਗਲਤ ਰਾਹ ਤੇ ਲੈ ਜਾਣ ਲਈ ਫੈਲਾਈ ਜਾਂਦੀ ਹੈ।

ਦੋਵੇਂ ਹੀ ਤੇਜ਼ੀ ਨਾਲ ਫੈਲ ਸਕਦੀਆਂ ਹਨ ਅਤੇ ਨੁਕਸਾਨ ਪਹੁੰਚਾ ਸਕਦੀਆਂ ਹਨ।

ਇਹ ਸਮਾਂ ਅਤੇ ਊਰਜਾ ਕਿਵੇਂ ਬਰਬਾਦ ਕਰਦੀਆਂ ਹਨ?

ਅਜੋਕੇ ਪਦਾਰਥਵਾਦੀ ਜੀਵਨ ਵਿੱਚ ਲੋਕ ਪਹਿਲਾਂ ਹੀ ਬਹੁਤ ਤਣਾਅ ਅਤੇ ਦਬਾਅ ਦਾ ਸਾਹਮਣਾ ਕਰ ਰਹੇ ਹਨ। ਗਲਤ ਜਾਣਕਾਰੀ ਇਸ ਨੂੰ ਹੋਰ ਵਧਾ ਦਿੰਦੀ ਹੈ ਕਿਉਂਕਿ ਲੋਕਾਂ ਦਾ ਸਮਾਂ ਸੱਚਾਈ ਦੀ ਜਾਂਚ ਕਰਨ ਵਿੱਚ ਲੱਗਦਾ ਹੈ ਅਤੇ ਬੇਕਾਰ ਦੀਆਂ ਬਹਿਸਾਂ ਪੈਦਾ ਹੁੰਦੀਆਂ ਹਨ। ਇਸ ਨਾਲ ਅਕਸਰ ਗਲਤ ਫੈਸਲੇ ਵੀ ਲਏ ਜਾਂਦੇ ਹਨ। ਸਰਕਾਰਾਂ ਅਤੇ ਸੰਸਥਾਵਾਂ ਨੂੰ ਵੀ ਝੂਠੀ ਖ਼ਬਰਾਂ ਨੂੰ ਠੀਕ ਕਰਨ ਲਈ ਬਹੁਤ ਧਨ ਅਤੇ ਯਤਨ ਲਗਾਉਣੇ ਪੈਂਦੇ ਹਨ। ਇਸ ਨਾਲ ਉਤਪਾਦਕਤਾ ਘਟਦੀ ਹੈ ਅਤੇ ਕੀਮਤੀ ਸਰੋਤ ਬਰਬਾਦ ਹੁੰਦੇ ਹਨ।

ਮਾਨਸਿਕ ਸਿਹਤ ‘ਤੇ ਪ੍ਰਭਾਵ

ਗਲਤ ਜਾਣਕਾਰੀ ਸਿਰਫ਼ ਲੋਕਾਂ ਨੂੰ ਉਲਝਾਉਂਦੀ ਹੀ ਨਹੀਂ, ਇਹ ਮਾਨਸਿਕ ਸਿਹਤ ‘ਤੇ ਵੀ ਅਸਰ ਪਾਂਦੀ ਹੈ।

ਖ਼ਾਸ ਕਰਕੇ ਸਿਹਤ ਜਾਂ ਸੁਰੱਖਿਆ ਨਾਲ ਸੰਬੰਧਿਤ ਝੂਠੀ ਖ਼ਬਰਾਂ ਡਰ, ਤਣਾਅ, ਚਿੰਤਾ ਅਤੇ ਬਿਮਾਰੀਆਂ ਵਧਾਉਂਦੀਆਂ ਹਨ।

ਉਲਝਣ:

ਵੱਖ-ਵੱਖ ਅਤੇ ਵਿਰੋਧੀ ਜਾਣਕਾਰੀ ਕਾਰਨ ਸੱਚ ਪਤਾ ਲਗਾਉਣਾ ਔਖਾ ਹੋ ਜਾਂਦਾ ਹੈ।

ਭਰੋਸੇ ਦੀ ਘਾਟ:

ਲੋਕ ਖ਼ਬਰਾਂ, ਸੰਸਥਾਵਾਂ ਅਤੇ ਇਕ-ਦੂਜੇ ‘ਤੇ ਭਰੋਸਾ ਘਟਾਉਣ ਲੱਗਦੇ ਹਨ।

ਮਾਨਸਿਕ ਥਕਾਵਟ:

ਲਗਾਤਾਰ ਸੰਦੇਹ ਮਨ ਨੂੰ ਥਕਾ ਦਿੰਦਾ ਹੈ।

ਲੰਮੇ ਸਮੇਂ ਵਿੱਚ ਇਹ ਹਾਲਤ ਮਨੁੱਖ ਨੂੰ ਥਕਾਵਟ ਅਤੇ ਮਾਨਸਿਕ ਤੌਰ ‘ਤੇ ਕਮਜ਼ੋਰ ਕਰ ਸਕਦੀ ਹੈ।

ਡਿਜਿਟਲ ਮੀਡੀਆ ਦੀ ਭੂਮਿਕਾ

ਵਾਟਸ ਐਪ, ਫੇਸਬੁੱਕ ਅਤੇ ਐਕਸ ਵਰਗੀਆਂ ਐਪਸ ਜਾਣਕਾਰੀ ਨੂੰ ਬਹੁਤ ਤੇਜ਼ੀ ਨਾਲ ਫੈਲਾਉਂਦੀਆਂ ਹਨ।

ਪਰ ਇਹ ਗਲਤ ਜਾਣਕਾਰੀ ਦੇ ਫੈਲਾਅ ਵਿੱਚ ਵੀ ਯੋਗਦਾਨ ਪਾਂਦੀਆਂ ਹਨ ਕਿਉਂਕਿ ਲੋਕ ਬਿਨਾਂ ਜਾਂਚ ਕੀਤੇ ਹੀ ਜਾਣਕਾਰੀ ਸਾਂਝੀ ਕਰ ਦਿੰਦੇ ਹਨ।

ਇਹ ਪਲੇਟਫਾਰਮ ਖਿੱਚ ਭਰਪੂਰ ਸਮੱਗਰੀ ਦਿਖਾਉਂਦੇ ਹਨ, ਪਰ ਇਹ ਹਮੇਸ਼ਾ ਸੱਚ ਨਹੀਂ ਹੁੰਦੀ। ਇਹਨਾਂ ਐਪਸ ਨੂੰ ਵਰਤਣ ਵਾਲੇ ਅਕਸਰ ਉਹੀ ਸਮੱਗਰੀ ਵੇਖਦੇ ਹਨ ਜੋ ਉਨ੍ਹਾਂ ਦੇ ਵਿਚਾਰਾਂ ਨਾਲ ਮਿਲਦੀ ਹੋਵੇ।

ਇਸ ਲਈ ਡਿਜਿਟਲ ਮੀਡੀਆ ਅਣਜਾਣੇ ਵਿੱਚ ਗਲਤ ਜਾਣਕਾਰੀ ਨੂੰ ਤੇਜ਼ੀ ਨਾਲ ਫੈਲਾ ਸਕਦਾ ਹੈ।

ਅਸੀਂ ਅੱਜ ਕੀ ਯਾਦ ਰੱਖੀਏ?

ਜਾਣਕਾਰੀ ਦੇ ਇਸ ਯੁੱਗ ਵਿੱਚ ਸੁਰੱਖਿਅਤ ਰਹਿਣ ਲਈ ਕੁਝ ਗੱਲਾਂ ਦਾ ਧਿਆਨ ਰੱਖੋ:

ਕੁਝ ਵੀ ਸਾਂਝਾ ਕਰਨ ਤੋਂ ਪਹਿਲਾਂ ਸੋਚੋ। ਜਾਣਕਾਰੀ ਦਾ ਸਰੋਤ ਚੈੱਕ ਕਰੋ। ਭਾਵਨਾਤਮਕ ਜਾਂ ਹੈਰਾਨ ਕਰਨ ਵਾਲੀ ਸਮੱਗਰੀ ‘ਤੇ ਤੁਰੰਤ ਵਿਸ਼ਵਾਸ ਨਾ ਕਰੋ। ਵੱਖ-ਵੱਖ ਸਰੋਤਾਂ ਤੋਂ ਪੜ੍ਹੋ। ਸਾਵਧਾਨ ਅਤੇ ਜਾਗਰੂਕ ਰਹਿਣਾ ਬਹੁਤ ਜ਼ਰੂਰੀ ਹੈ।

ਜਾਣਕਾਰੀ ਦੀ ਸੱਚਾਈ ਕਿਵੇਂ ਜਾਂਚੀਏ?

ਸਰੋਤ ਦੀ ਜਾਂਚ ਕਰੋ- ਕੀ ਇਹ ਭਰੋਸੇਯੋਗ ਹੈ?

ਕਈ ਥਾਵਾਂ ਤੋਂ ਪੁਸ਼ਟੀ ਕਰੋ- ਸਿਰਫ਼ ਇੱਕ ਸਰੋਤ ‘ਤੇ ਵਿਸ਼ਵਾਸ ਨਾ ਕਰੋ।

ਸਬੂਤ ਲੱਭੋ- ਡਾਟਾ, ਵਿਸ਼ਾ ਗਿਆਨ ਜਾਂ ਹਵਾਲੇ।

ਫੈਕਟ-ਚੈੱਕ ਵੈਬਸਾਈਟਾਂ ਦੀ ਵਰਤੋਂ ਕਰੋ।

ਤਾਰੀਖ਼ ਚੈੱਕ ਕਰੋ- ਪੁਰਾਣੀ ਖ਼ਬਰ ਭਰਮਿਤ ਕਰ ਸਕਦੀ ਹੈ।

ਸਿਰਲੇਖ ਤੋਂ ਅੱਗੇ ਵੀ ਪੜ੍ਹੋ- ਸਿਰਲੇਖ ਅਕਸਰ ਵਧਾ-ਚੜ੍ਹਾ ਕੇ ਹੁੰਦੇ ਹਨ।


ਗਲਤ ਅਤੇ ਭ੍ਰਮਕ ਜਾਣਕਾਰੀ ਅੱਜ ਦੇ ਡਿਜਿਟਲ ਯੁੱਗ ਵਿੱਚ ਗੰਭੀਰ ਸਮੱਸਿਆ ਹੈ। ਇਹ ਸਾਡੇ ਸਮੇਂ, ਸੋਚ ਅਤੇ ਮਾਨਸਿਕ ਸਿਹਤ ‘ਤੇ ਅਸਰ ਪਾਂਦੀ ਹੈ।

ਇਸ ਨਾਲ ਨਜਿੱਠਣ ਦਾ ਸਭ ਤੋਂ ਵਧੀਆ ਤਰੀਕਾ ਹੈ ਜਾਗਰੂਕ ਰਹਿਣਾ, ਤਰਕਸੰਗਤ ਸੋਚਣਾ ਅਤੇ ਜਾਣਕਾਰੀ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਸਦੀ ਜਾਂਚ ਕਰਨਾ।





CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਕੁਦਰਤ ਦਾ ਹਿੱਸਾ

ਸਵੇਰੇ ਦੀ ਹੌਲੀ-ਹੌਲੀ ਠੰਢੀ ਹਵਾ ਬਾਗ਼ ਵਿੱਚ ਫੈਲੀ ਹੋਈ ਸੀ। ਅੰਬਾਂ ਦੇ ਦਰੱਖਤਾਂ ‘ਤੇ ਪੱਕੇ ਫਲਾਂ ਦੀ ਖ਼ੁਸ਼ਬੂ ਜਿਵੇਂ ਸਾਰੀ ਫਿਜ਼ਾ ਨੂੰ ਮਿੱਠਾ ਕਰ ਰਹੀ ਸੀ। ਦਰੱਖਤ ਦੀ ਇੱਕ ਮਜ਼ਬੂਤ ਟਾਹਣੀ ‘ਤੇ ਦਾਦਾ ਜੀ ਖੜੇ ਸਨ, ਹੱਥ ‘ਚ ਲੰਮਾ ਡੰਡਾ, ਤੇ ਹੇਠਾਂ ਪੋਤਾ ਅੱਖਾਂ ਚਮਕਾਉਂਦਾ ਖਲੋਤਾ ਸੀ।

“ਦਾਦਾ ਜੀ... ਓਹ ਵਾਲਾ ਤੋੜੋ... ਹਾਂ ਓਹ ਜਿਹੜਾ ਪੀਲਾ ਹੋ ਗਿਆ!” ਪੋਤਾ ਉਤਸ਼ਾਹ ਨਾਲ ਉੱਪਰ ਵੱਲ ਇਸ਼ਾਰਾ ਕਰਦਾ ਬੋਲਿਆ।

ਦਾਦਾ ਜੀ ਹੌਲੀ ਮੁਸਕੁਰਾਏ, ਅੰਬ ਹੌਲੇ ਜਿਹੇ ਤੋੜ ਕੇ ਹੇਠਾਂ ਸੁੱਟ ਦਿੱਤਾ। ਪੋਤੇ ਨੇ ਫੁਰਤੀ ਨਾਲ ਫੜ ਲਿਆ।

“ਹੋਰ ਵੀ ਨੇ ਦਾਦਾ ਜੀ... ਓਹ ਵੇਖੋ ਸੱਜੇ ਪਾਸੇ... ਬਹੁਤ ਸਾਰੇ ਨੇ!” ਉਹ ਖੁਸ਼ੀ ‘ਚ ਝੂਮਦਾ ਹੋਇਆ ਕਹਿ ਰਿਹਾ ਸੀ।

ਦਾਦਾ ਜੀ ਨੇ ਇੱਕ ਪਲ ਲਈ ਦਰੱਖਤ ਵੱਲ ਧਿਆਨ ਨਾਲ ਵੇਖਿਆ। ਹਵਾ ਨਾਲ ਪੱਤੇ ਹਿਲ ਰਹੇ ਸਨ, ਤੇ ਦੂਰੋਂ ਕੁਝ ਚਿੜੀਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਉਹਨਾਂ ਨੇ ਡੰਡਾ ਥੱਲੇ ਕਰ ਲਿਆ।

“ਬਸ ਕਰ ਪੁੱਤਰ... ਹੁਣ ਨਹੀਂ,” ਦਾਦਾ ਜੀ ਨੇ ਨਰਮ ਆਵਾਜ਼ ‘ਚ ਕਿਹਾ।

ਪੋਤਾ ਹੈਰਾਨ ਹੋ ਗਿਆ

“ਕਿਉਂ ਦਾਦਾ ਜੀ? ਹੋਰ ਵੀ ਤਾਂ ਬਹੁਤ ਨੇ... ਸਾਰੇ ਤੋੜ ਲੈਂਦੇ ਹਾਂ ਨਾ!”

ਦਾਦਾ ਜੀ ਹੌਲੀ ਹੌਲੀ ਟਾਹਣੀ ਤੋਂ ਹੇਠਾਂ ਉਤਰੇ। ਉਹਨਾਂ ਨੇ ਇੱਕ ਅੰਬ ਆਪਣੇ ਹੱਥ ‘ਚ ਫੜਿਆ ਤੇ ਦੂਜੇ ਹੱਥ ਨਾਲ ਦਰੱਖਤ ਨੂੰ ਹੌਲੇ ਨਾਲ ਸਹਿਲਾਇਆ, ਜਿਵੇਂ ਉਹ ਵੀ ਕੋਈ ਜੀਉਂਦਾ ਜਾਗਦਾ ਸਾਥੀ ਹੋਵੇ।

“ਪੁੱਤਰ,” ਉਹ ਬੋਲੇ, “ਹਰ ਚੀਜ਼ ਸਿਰਫ਼ ਸਾਡੇ ਲਈ ਨਹੀਂ ਹੁੰਦੀ।”

ਪੋਤੇ ਨੇ ਅੱਖਾਂ ਵੱਡੀਆਂ ਕਰ ਲਈਆਂ

“ਫਿਰ ਕਿਨ੍ਹਾਂ ਲਈ ਦਾਦਾ ਜੀ?”

ਦਾਦਾ ਜੀ ਨੇ ਅਸਮਾਨ ਵੱਲ ਵੇਖਿਆ। ਇੱਕ ਚਿੜੀ ਆ ਕੇ ਦਰੱਖਤ ਦੀ ਟਾਹਣੀ ‘ਤੇ ਬੈਠ ਗਈ ਸੀ।

“ਇਹ ਵੇਖ... ਇਹ ਵੀ ਤਾਂ ਇਸ ਬਾਗ਼ ਦੇ ਹੱਕਦਾਰ ਨੇ,” ਉਹ ਮੁਸਕੁਰਾਏ, “ਜੇ ਅਸੀਂ ਸਾਰੇ ਅੰਬ ਤੋੜ ਲਏ, ਤਾਂ ਇਹ ਬੇਚਾਰੇ ਕੀ ਖਾਣਗੇ?”

ਪੋਤਾ ਕੁਝ ਪਲ ਲਈ ਚੁੱਪ ਹੋ ਗਿਆ। ਉਸਨੇ ਪਹਿਲੀ ਵਾਰ ਦਰੱਖਤ ਨੂੰ ਇਸ ਨਜ਼ਰ ਨਾਲ ਵੇਖਿਆ ਸਿਰਫ਼ ਫਲਾਂ ਦਾ ਨਹੀਂ, ਸਾਂਝ ਦਾ ਦਰੱਖਤ।

“ਮਤਲਬ... ਸਾਨੂੰ ਕੁਝ ਛੱਡਣਾ ਵੀ ਚਾਹੀਦਾ ਹੈ?” ਉਸਨੇ ਹੌਲੀ ਆਵਾਜ਼ ‘ਚ ਪੁੱਛਿਆ।

ਦਾਦਾ ਜੀ ਨੇ ਉਸਦੇ ਸਿਰ ‘ਤੇ ਪਿਆਰ ਨਾਲ ਹੱਥ ਫੇਰਿਆ

“ਹਾਂ ਪੁੱਤਰ... ਜੋ ਸਿਰਫ਼ ਆਪਣੇ ਲਈ ਜੀਉਂਦਾ ਹੈ, ਉਹ ਕਦੇ ਪੂਰਾ ਨਹੀਂ ਹੁੰਦਾ... ਪਰ ਜੋ ਹੋਰਾਂ ਲਈ ਵੀ ਸੋਚਦਾ ਹੈ, ਉਹੀ ਅਸਲ ‘ਚ ਅਮੀਰ ਹੁੰਦਾ ਹੈ।”

ਪੋਤੇ ਨੇ ਆਪਣੇ ਹੱਥ ‘ਚ ਫੜਿਆ ਅੰਬ ਵੇਖਿਆ, ਫਿਰ ਦਰੱਖਤ ਵੱਲ। ਉਸਦੇ ਚਿਹਰੇ ‘ਤੇ ਹੁਣ ਲਾਲਚ ਨਹੀਂ ਸੀ ਸਮਝ ਦੀ ਇੱਕ ਨਵੀਂ ਰੌਸ਼ਨੀ ਸੀ।

ਉਸਨੇ ਮੁਸਕੁਰਾ ਕੇ ਕਿਹਾ

“ਦਾਦਾ ਜੀ... ਕੱਲ੍ਹ ਅਸੀਂ ਚਿੜੀਆਂ ਲਈ ਵੀ ਪਾਣੀ ਰੱਖਾਂਗੇ।”

ਦਾਦਾ ਜੀ ਦੀਆਂ ਅੱਖਾਂ ਚਮਕ ਉਠੀਆਂ

“ਬਸ ਇਹੀ ਸਿੱਖਣਾ ਸੀ ਪੁੱਤਰ...”

SANJHI SOCH
ਪ੍ਰੋ.ਸੌਰਵ ਦਾਦਰੀ
(ਕੀਰਤਪੁਰ ਸਾਹਿਬ)
8427731983



# ਮਿਹਨਤਕਸ਼ ਮਜਦੂਰਾਂ ਦੇ ਨਾਂ..!

ਅਸੀਂ ਰਚਣਾ ਨਵਾਂ ਇਤਿਹਾਸ ਐਸਾ,
ਜਿਸ ਨੂੰ ਵੇਖਕੇ ਦੁਨੀਆਂ ਦੰਗ ਰਹਿ ਜਾਏ।
ਹਰ ਪੱਥਰ ਨੂੰ ਹੀਰਾ ਬਣਾਉਣਾ ਲੋਚਦਾ ਮੈਂ,
ਜਿਸਦੀ ਰੌਸ਼ਨੀ ਨੂੰ ਵੇਖਦਾ ਚੰਨ ਰਹਿ ਜਾਏ।
ਰਫ਼ਤਾਰ ਸਮੇਂ ਦੀ ਨਾਲ ਹੀ ਚੱਲਣਾ ਅਸੀਂ,
ਸਮਾਂ ਵੇਖਦਾ ਸਾਡਾ ਸੰਗ ਰਹਿ ਜਾਏ।
ਨਿੱਤ ਨਵਾਂ ਕੋਈ ਸੁਪਨਾ ਸਜਾ ਲੈਣਾ ਅਸੀਂ,
ਸੁਪਨੇ ਨੂੰ ਹਕੀਕਤ 'ਚ ਬਦਲਣ ਦਾ ਕੰਮ ਰਹਿ ਜਾਏ।
ਮੰਜਿਲ ਕਿਸਦੀ ਕਿਥੇ ਹੈ ਕੋਈ ਜਾਣਦਾ ਨਹੀਂ,
ਪਰ ਮੰਜਿਲ ਪਾਉਣ ਦੀ ਇੱਕ ਉਮੰਗ ਰਹਿ ਜਾਏ।
ਵਗਦੇ ਰਹਿਣਾ ਦਰਿਆ ਦੇ ਵਾਗੂੰ ਅਸੀਂ,
ਦੁਨੀਆਂ ਬੋਲਾਂ ਦੇ ਮਾਰਦੀ ਭਾਵੇਂ ਡੰਗ ਰਹਿ ਜਾਏ।
ਜਿੱਤਣੀ ਜਿੰਦਗੀ ਦੀ ਜੰਗ ਖੁਦ ਲੜਕੇ ਅਸੀਂ,
ਮਜਬੂਤ ਵਿਸਵਾਸ਼ ਦੀ ਬਣੀ ਕੰਧ ਰਹਿ ਜਾਏ।
ਰਾਹ ਦੀਆਂ ਮੁਸਕਿਲਾਂ ਤੋਂ ਨਹੀਂ ਘਬਰਾਉਣਾ ਅਸੀਂ,
ਰਛਪਾਲ, ਚੇਤੇ ਹਰ ਮੁਸ਼ਕਿਲ ਦਾ ਹੱਲ ਰਹਿ ਜਾਏ।



SANJHI SOCH
ਰਛਪਾਲ ਸਿੰਘ ਰੈਸਲ
ਹਰੀਦਾਸ ਕਲੋਨੀ
ਨਾਭਾ (ਪਟਿਆਲਾ)
94178-97576

LARRY T. NIERMEYER



Attorney at Law

OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।


**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



GURDIP S SANDHU




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
Tea India
WAGH BAKRI
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

## ਅੰਗ 195

ਗਉੜੀ ਮਹਲਾ ੫ ॥ ਜਿਸ ਕਾ ਦੀਆ ਪੈਨੈ ਖਾਇ ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥੧॥ ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ ਕਉਡੀ ਬਦਲੇ ਰਤਨੁ ਤਿਆਗਹਿ ॥੧॥ ਰਹਾਉ ॥ ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ ਦਾਸਿ ਸਲਾਮੁ ਕਰਤ ਕਤ ਸੋਭਾ ॥੨॥ ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥ ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥੩॥ ਕਹੁ ਨਾਨਕ ਹਮ ਲੂਣ ਹਰਾਮੀ ॥ ਬਖਸਿ ਲੇਹੁ ਪ੍ਰਭ ਅੰਤਰਜਾਮੀ ॥੪॥੭੬॥੧੪੫॥ {ਪੰਨਾ 195}

ਭਾਵ ਅਰਥ:-
ਹੇ ਮੇਰੀ ਮਾਂਏਂ !ਜਿਸ ਪ੍ਰਭੂ ਦਾ ਸਾਰਾ ਕੁਝ ਬਖਸ਼ਿਆ ਹੋਇਆ ਹੈ, ਭਾਵੇਂ ਉਹ ਭੋਜਨ ਪਦਾਰਥ ਤੇ ਜਾਂ ਫਿਰ ਪਹਿਨਣਾ ਹੋਵੇ ਤਾਂ ਉਸ ਦਾ ਨਾਮ ਜਪਣ ਵੇਲੇ ਆਲਸ ਕਿਉਂ ਕਰਨੀ॥੧॥
ਉਸ ਦਾ ਨਾਮ ਸਿਮਰਨ ਛੱਡ ਕੇ ਦੂਜੇ ਕੰਮਾਂ ਵਿੱਚ ਲੱਗਣ ਦਾ ਮਤਲਬ ਹੈ ਕਿ ਕੌਡੀਆਂ ਦੇ ਬਦਲੇ ਆਪਣਾ ਅਹਿਲਾ ਜਨਮ ਗਵਾਉਣਾ॥੧॥ ਰਹਾਉ॥
ਬੰਦਾ ,ਪਰਮਾਤਮਾ ਦਾ ਨਾਮ ਛੱਡ ਕੇ ਦੂਸਰੇ ਭਾਵਾਂ ਨੂੰ ਸਜਦਾ ਕਰਦਾ ਹੈ ਉਹਨਾਂ ਸੁਖਾਂ ਸਾਧਨਾਂ ਦਾ ਗੁਲਾਮ ਬਣਿਆ ਫਿਰਦਾ ਹੈ॥੨॥
ਆਪਣੇ ਭੋਜਨ ਪਦਾਰਥ ਅਤੇ ਆਰਾਮਦਾਰੀ ਦੀਆਂ ਵਸਤੂਆਂ ਨੂੰ ਅੰਮ੍ਰਿਤ ਸਮਝ ਕੇ ਹੰਡਾਉਂਦਾ ਹੈ ਪਰ ਜਿਸ ਦਾ ਪਰਤਾਪ ਨਾਲ ਇਹ ਸਭ ਕੁਝ ਮਿਲਿਆ ਹੋਇਆ ਹੈ ਉਸ ਨੂੰ ਇਹ ਕੁੱਤਾ ਮਨੁੱਖ ਜਾਣਦਾ ਹੀ ਨਹੀਂ ਭਾਵ ਭੁੱਲਿਆ ਬੈਠਾ ਹੈ॥੩॥
ਹੇ ਨਾਨਕ ! ਅਸੀਂ ਪ੍ਰਭੂ ਦੇ ਦਰ ਦੇ, ਪ੍ਰਭੂ ਦੇ ਨਾਮ ਦੇ ਨਮਕ ਹਰਾਮ ਹਾਂ, ਜਿਹੜੇ ਉਸ ਦੀ ਸਿਮਰਨੀ ਨੂੰ ਉਸ ਦੇ ਨਾਮ ਬਾਣੀ ਨੂੰ ਭੁੱਲੇ ਬੈਠੇ ਹਾਂ। ਸਾਨੂੰ ਬਖਸ਼ ਦੇਅ, ਸਾਨੂੰ ਖਿਮਾ ਕਰ ਦੇਅ ,ਹੇ ਦਿਲਾਂ ਦੀਆਂ ਜਾਨਣ ਵਾਲੇ ਪ੍ਰਭੂ॥੪॥

ਗਉੜੀ ਮਹਲਾ ੫ ॥
ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥੧॥ ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ ਰਹਾਉ ॥ ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥੨॥ ਜੀਵਨ ਮਰਣੁ ਜਨਮੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੩॥ ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥ {ਪੰਨਾ 195}

ਭਾਵ ਅਰਥ:-
ਹੇ ਭਾਈ ! ਉਸ ਅਕਾਲ ਪੁਰਖ ਦੇ ਚਰਨ ਕਮਲਾਂ ਨੂੰ ਆਪਣੇ ਧਿਆਨ ਵਿੱਚ ਰੱਖ ਉਸੇ ਵਿੱਚ ਸਾਰੇ ਤੀਰਥ ਮਜਨ ਇਸ਼ਨਾਨ ਸ਼ਾਮਿਲ ਹਨ॥੧॥
ਹੇ ਮੇਰੇ ਭਾਈ! ਹਰ ਰੋਜ਼ ਉਸ ਪ੍ਰਭੂ ਦੀ ਬੰਦਗੀ ਕਰਨ ਨਾਲ ਕਰੋੜਾਂ ਕਰੋੜਾਂ ਜਨਮਾਂ ਦੀ ਮੈਲ ਅਤੇ ਪਾਪ ਧੋਤੇ ਜਾਂਦੇ ਹਨ॥੧॥ ਰਹਾਉ॥
ਜਿਹੜਾ ਮਨੁੱਖ ਉਸ ਅਕਾਲ ਪੁਰਖ ਦਾ ਨਾਮ ਚਰਚਾ ਆਪਣੇ ਮਨ ਵਿੱਚ ਵਸਾ ਲੈਂਦਾ ਹੈ, ਆਪਣੀ ਮਨ ਦੀ ਇੱਛਾ ਪੂਰੀ ਕਰ ਲੈਂਦਾ ਭਾਵ ਉਸ ਦੀਆਂ ਸਮਸਤ ਇੱਛਾਵਾਂ ਸੰਪੂਰਨ ਹੋ ਜਾਂਦੀਆਂ ਹਨ॥੨॥
ਜਿਸ ਦੇ ਮਨ ਵਿੱਚ ਕਰਤਾਰ ਪ੍ਰਭੂ ਵਸ ਗਿਆ ਉਹਦਾ ਜੀਵਣਾ ਤੇ ਇਸ ਧਰਤੀ ਤੇ ਆਉਣਾ ਸਫਲ ਹੋ ਗਿਆ॥੩॥
ਹੇ ਨਾਨਕ! ਉਹੀ ਜੀਵ ਉਹੀ ਪ੍ਰਾਣੀ ਉਹੀ ਮਨੁੱਖ ਸੰਪੂਰਨ ਹੋ ਗਿਆ ਜਿਸ ਨੂੰ ਗੁਰੂ ਦੇ ਚਰਨਾਂ ਦੀ ਧੂੜ ਮਿਲ ਗਈ॥੪॥

ਗਉੜੀ ਮਹਲਾ ੫ ॥
ਖਾਦਾ ਪੈਨਦਾ ਮੂਕਰਿ ਪਾਇ ॥ ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥ ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥ ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥ ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ ਮਨਹੁ ਬਿਸਾਰਿਆ ॥੩॥ ਬਧੇ ਬਿਕਾਰ ਲਿਖੇ ਬਹੁ ਕਾਗਰ ॥ ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥ ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥ {ਪੰਨਾ 195}

ਭਾਵ ਅਰਥ:-
ਜਿਹੜਾ ਮਨੁੱਖ ਖਾਂਦਾ ਪੀਂਦਾ ਦੁਤਕਾਰਦਾ ਹੈ (ਭਾਵ ਪ੍ਰਭੂ ਦੁਆਰਾ ਦਿੱਤੀਆਂ ਨਿਆਮਤਾਂ ਦਾ ਸ਼ੁਕਰਾਨਾ ਕਰਨ ਦੀ ਬਜਾਏ ਨਿੰਦਿਆ ਕਰਦਾ ਹੈ, ਭਿੱਟਦਾ ਹੈ) ਉਸ ਨੂੰ ਧਰਮ ਰਾਜ ਦੀ ਕਚਹਿਰੀ ਵਿੱਚ ਮੁਸ਼ਕਿਲ ਤੋ ਮੁਸ਼ਕਿਲ ਸਜ਼ਾ ਮਿਲਦੀ ਹੈ॥੧॥
ਅਜਿਹੇ ਇਨਸਾਨ ਉਸ ਜਨਮ ਦਾਤਾ ਨੂੰ ਭੁੱਲ ਚੁੱਕੇ ਹੁੰਦੇ ਹਨ ਅਤੇ ਸਜਾ ਦੇ ਤੌਰ ਤੇ ਉਹਨਾਂ ਨੂੰ ਜਨਮਾਂ ਜਨਮਾਂਤਰਾਂ ਦਾ ਗੇੜ ਝਲਣਾ ਪੈਂਦਾ ਹੈ॥੧॥ ਰਹਾਉ॥ ਪਾਪੀ ਦਾ ਵਿਹਾਰ ਇਦਾਂ ਦਾ ਹੀ ਹੈ ਕਿ ਉਹ ਉਲਟਾ ਹੀ ਚਲਦਾ ਹੈ॥੨॥
ਜਿਸ ਸਤਿਗੁਰ ਨੇ ਜੀਅ ਜਾਨ ਸਰੀਰ ਸਭ ਕੁਝ ਬਖਸ਼ਿਆ ਉਸੇ ਮਾਲਕ ਨੂੰ ਉਹ ਮਨੋ ਵਿਸਾਰ ਦਿੰਦਾ ਹੈ॥੩॥
ਭਾਵੇਂ ਆਪਣੀ ਕਿਸਮਤ ਵਿੱਚ ਲੱਖਾਂ ਮਾੜੀਆਂ ਚੀਜ਼ਾਂ ਲਿਖਵਾ ਕੇ ਆਇਆ ਹੁੰਦਾ ਹੈ ਪਰ ਨਾਮ ਦੀ ਜਦੋਂ ਕਿਰਪਾ ਹੋ ਜਾਂਦੀ ਹੈ ਤਾਂ ਨਾਨਕ ਦਾਸ ਫਰਮਾਉਂਦੇ ! ਹਨ ਕਿ ਪ੍ਰਭੂ ਪਰਮਾਤਮਾ ਉਸਨੂੰ ਪਾਪਾਂ ਤੋਂ ਮੁਕਤ ਕਰ ਦਿੰਦੇ ਹਨ॥੪॥
ਹੇ ਮੇਰੇ ਅੰਤਰਜਾਮੀ ਪ੍ਰਭ ਪਰਮੇਸ਼ਵਰ ਮੈਂ ਤੇਰੀ ਸ਼ਰਨ ਆਣ ਪਿਆ ਹਾਂ ਮੇਰੇ ਸਾਰੇ ਪਾਪਾਂ ਦੇ ਬੰਧਨ ਕੱਟ ਕੇ ਮੈਨੂੰ ਭਵ ਸਾਗਰ ਸਮੁੰਦਰ ਵਰਗੇ ਸੰਸਾਰ ਤੂੰ ਪਾਰ ਲੂਆ ॥੧॥ ਰਹਾਉ ਦੂਜਾ॥

ਗਉੜੀ ਮਹਲਾ ੫ ॥
ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥ ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥੧॥ ਰਹਾਉ ॥ ਅਪੁਨੈ ਸੁਆਇ ਰਿਦੈ ਲੈ ਧਾਰਿਆ ॥ ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥ ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥੩॥ ਅਨਿਕ ਬਾਰ ਨਾਨਕ ਬਲਿਹਾਰਾ ॥ ਸਫਲ ਦਰਸਨੁ ਗੋਬਿੰਦੁ ਹਮਾਰਾ ॥੪॥੭੯॥੧੪੮॥ {ਪੰਨਾ 195}

ਭਾਵ ਅਰਥ:-
ਹੇ ਭਾਈ! ਭਾਵੇਂ ਬੰਦਾ ਆਪਣੇ ਸਵਾਰਥ ਲਈ ਹੀ ਉਸ ਅਗਮ ਅਪਾਰ ਪ੍ਰਭੂ ਨੂੰ ਆਪਣਾ ਮਿੱਤਰ ਬਣਾਉਂਦਾ ਹੈ, ਅਦਬ ਸਤਿਕਾਰ ਦਿੰਦਾ ਹੈ, ਫਿਰ ਵੀ ਉਹ ਭਗਵਾਨ ਉਸ ਦੀਆਂ ਮੁਰਾਦਾਂ ਪੂਰੀਆਂ ਕਰਦਾ ਹੈ॥੧॥
ਇਸ ਕਰਕੇ ਹੇ ਬੰਦਿਆ ਅਜਿਹਾ ਹੀ ਮਿੱਤਰ ਸੱਜਣ ਬਣਾਓ ਜਿਹੜਾ ਇਸ ਤਰਾਂ ਦੇ ਪ੍ਰਭੂ ਤੋਂ ਵੱਖਰਾ ਨਾ ਹੋਵੇ॥੧॥ ਰਹਾਉ॥
ਭਾਵੇਂ ਆਪਣੇ ਸੁਆਰਥ ਵਾਸਤੇ ਹੀ ਪ੍ਰਭੂ ਨੂੰ ਧਿਆਉਣਾ ਕੀਤਾ ਹੋਵੇ ਤਾਂ ਵੀ ਉਹ ਹਰ ਤਰ੍ਹਾਂ ਦੇ ਦੁੱਖ ਦਰਦ ਦੂਰ ਕਰ ਦਿੰਦਾ ਹੈ॥੨॥
ਜਿਸ ਦੀ ਜੁਬਾਨ ਨੂੰ ਹਰਿ ਪ੍ਰਭੂ ਦੇ ਨਾਮ ਦਾ ਸਵਾਦ ਲੱਗ ਗਿਆ ਉਹਦੇ ਸਾਰੇ ਕੰਮ ਸੰਪੂਰਨ ਹੋ ਜਾਂਦੇ ਹਨ॥੩॥
ਹੇ ਨਾਨਕ !ਜੇ ਹਰੀ ਪ੍ਰਭੂ ਦੇ ਦਰਸ਼ਨ ਦੀਦਾਰੇ ਹੋ ਜਾਵਣ ਤਾਂ ਮੈਂ ਉਸ ਪ੍ਰਭੂ ਵਰਗੇ ਗੁਰੂ ਤੋਂ ਸਦਕੇ ਜਾਂਦਾ ਹਾਂ॥੪॥

ਗਉੜੀ ਮਹਲਾ ੫ ॥
ਕੋਟਿ ਬਿਘਨ ਹਿਰੇ ਖਿਨ ਮਾਹਿ ॥ ਹਰਿ ਹਰਿ ਕਥਾ ਸਾਧਸੰਗਿ ਸੁਨਾਹਿ ॥੧॥ ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ ॥ ਜਪਿ ਹਰਿ ਚਰਣ ਮਿਟੀ ਖੁਧਿ ਤਾਸੁ ॥੧॥ ਰਹਾਉ ॥ ਸਰਬ ਕਲਿਆਣ ਸੁਖ ਸਹਜ ਨਿਧਾਨ ॥ ਜਾ ਕੈ ਰਿਦੈ ਵਸਹਿ ਭਗਵਾਨ ॥੨॥ ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥੩॥ ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥ {ਪੰਨਾ 195-196}

ਭਾਵ ਅਰਥ:-
ਸਾਧ ਸੰਗਤ ਕਰਨ ਅਤੇ ਨਾਮ ਵਿਚਾਰ ਚਰਚਾ ਕਰਨ ਨਾਲ ਕਰੋੜਾਂ ਵਿਘਨ ਦੁੱਖ ਦਰਦ ਜੀਵਨ ਚੋਂ ਖਤਮ ਹੋ ਜਾਂਦੇ ਹਨ॥੧॥
ਜਿਸ ਨੇ ਵੀ ਰਾਮ ਨਾਮ ਦੇ ਅੰਮ੍ਰਿਤ ਦਾ ਸਿਮਰਨ ਭਜਨ ਕੀਤਾ ਉਸਦੀ ਹਰ ਤਰ੍ਹਾਂ ਦੀ ਤ੍ਰਿਖਾ ਪਿਆਸ ਬੁਝ ਜਾਂਦੀ ਹੈ॥੧॥ ਰਹਾਉ॥
ਜਿਸ ਦੇ ਹਿਰਦੇ ਅੰਦਰ ਪ੍ਰਭੂ ਪਰਮਾਤਮਾ ਵਾਹਿਗੁਰੂ ਦਾ ਵਾਸਾ ਹੋ ਗਿਆ ਉਸ ਨੂੰ ਸਾਰੇ ਤਰ੍ਹਾਂ ਦੇ ਖਜ਼ਾਨੇ ਸਹਿਜ ਤੇ ਅਡੋਲਤਾ ਮਿਲ ਗਈ ਸਮਝੋ॥੨॥
ਹੇ ਜੀਵ ! ਹਰ ਤਰਾਂ ਦੀ ਦਵਾ ਦਾਰੂ ਮੰਤਰ ਤੰਤਰ ਆਦਿ ਨੂੰ ਛੱਡ ਕੇ ਸਿਰਫ ਇਕ ਅਕਾਲ ਪੁਰਖ ਨੂੰ ਆਪਣੇ ਮਨ ਦੇ ਅੰਦਰ ਵਸਾ ਲੈ ।(ਸਾਰੇ ਦੁੱਖ ਦਰਦ ਦੂਰ ਹੋ ਜਾਣਗੇ)
ਉਸ ਪਾਰਬ੍ਰਹਮ ਪਰਮੇਸ਼ਵਰ ਦੀ ਭਜਨ ਬੰਦਗੀ ਕਰਨ ਨਾਲ ਹਰ ਤਰ੍ਹਾਂ ਦੇ ਭਰਮ ਭੁਲੇਖੇ ਖਤਮ ਹੁੰਦੇ ਹਨ। ਦਾਸ ਨਾਨਕ ਫਰਮਾਉਂਦੇ ਹਨ, ਕਿਉਂਕਿ ਇਹ ਧਰਮ ਟਾਲਿਆ ਨਹੀਂ ਜਾ ਸਕਦਾ॥੪॥

## ਅੰਗ 196

ਗਉੜੀ ਮਹਲਾ ੫ ॥
ਕਰਿ ਕਿਰਪਾ ਭੇਟੇ ਗੁਰ ਸੋਈ ॥ ਤਿਤੁ ਬਲਿ ਰੋਗੁ ਨ ਬਿਆਪੈ ਕੋਈ ॥੧॥ ਰਾਮ ਰਮਣ ਤਰਣ ਭੈ ਸਾਗਰ ॥ ਸਰਣਿ ਸੂਰ ਫਾਰੇ ਜਮ ਕਾਗਰ ॥੧॥ ਰਹਾਉ ॥ ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ ਇਹ ਆਸਰ ਪੂਰਨ ਭਏ ਕਾਮ ॥੨॥ ਜਪ ਤਪ ਸੰਜਮ ਪੂਰੀ ਵਡਿਆਈ ॥ ਗੁਰ ਕਿਰਪਾਲ ਹਰਿ ਭਏ ਸਹਾਈ ॥੩॥ ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥ {ਪੰਨਾ 196}

ਭਾਵ ਅਰਥ:-
ਗੁਰੂ ਦੀ ਕਿਰਪਾ ਸਦਕਾ(ਪ੍ਰਭੂ ਨਾਮ ਨਾਲ ਜੁੜਨ) ਨਾਲ ਪ੍ਰਭੂ ਪਰਮਾਤਮਾ ਦੀ ਪ੍ਰਾਪਤੀ ਜਦੋਂ ਹੁੰਦੀ ਹੈ ਤਾਂ ਹਰ ਤਰ੍ਹਾਂ ਦੀਆਂ ਬਲਾਵਾਂ ਤੇ ਦੁੱਖ ਦਰਦ ਦੂਰ ਹੋ ਜਾਂਦੇ ਹਨ॥੧॥
ਜਦ ਉਸ ਅਕਾਲ ਪੁਰਖ ਦਾ ਨਾਮ ਹਿਰਦੇ ਅੰਦਰ ਰਮ ਗਿਆ ,(ਵਸ ਗਿਆ) ਤਾਂ ਸਮਝੋ ਮਨੁੱਖ ਵਿਸ਼ਾਲ ਸਾਗਰ (ਸੰਸਾਰ ਦਾ) ਆਰਾਮ ਨਾਲ ਪਾਰ ਕਰ ਗਿਆ॥੧॥ ਰਹਾਉ॥
ਪਰਮਾਤਮਾ ਦੀ ਸ਼ਰਨ ਪਿਆਂ ਪਾਪੀਆਂ ਦੇ ਵੀ ਪਾਪਾਂ ਭਰੇ ਲਿਖੇ ਹੋਏ ਭਾਗ ਮਿਟ ਜਾਂਦੇ ਹਨ (ਭਾਵ ਕਾਗਜ਼ ਉੱਤੇ ਲਿਖੇ ਹੋਏ ਮਾੜੇ ਕਰਮ)॥੨॥
ਹੇ ਭਾਈ! ਜਦੋਂ ਉਹ ਪੂਰਾ ਗੁਰੂ ਤੇਰੇ ਉੱਤੇ ਮਿਹਰਬਾਨ ਹੋ ਜਾਂਦਾ ਹੈ ਤਾਂ ਆਪਣੀ ਕਿਰਪਾ ਦਰਸਾ ਕੇ ਤੈਨੂੰ ਨਾਮ ਨਾਲ ਜੋੜਨ ਤੋਂ ਬਾਅਦ ਤੇਰੇ ਅੰਦਰ ਨਾਮ ਦਾ ਜਪ ਤਪ ਤੇ ਸਾਰੇ ਸੰਜਮ ਭਰ ਦਿੰਦਾ ਹੈ। ਜਿਸ ਨਾਲ ਤੈਨੂੰ ਇਹਨਾਂ ਜਪਾਂ ਤਪਾਂ ਦਾ ਯਸ ਮਾਨ ਪ੍ਰਾਪਤ ਹੁੰਦਾ ਹੈ॥੩॥
ਇਸ ਯਸ਼ਮਾਨ ਦੀ ਪ੍ਰਾਪਤੀ ਵਿੱਚ ਤੇਰੇ ਮਨ ਅੰਦਰਲੀ ਚੰਚਲਤਾ ਅਤੇ ਉਸ ਵਿੱਚ ਬੇਭਰੋਸਗੀ ਬਹੁਤ ਵੱਡਾ ਕਾਰਨ ਬਣਦੇ ਹਨ। ਚਾਰੇ ਪਾਸੇ ਦੇਖ ਉਸ ਪਾਰਬ੍ਰਹਮ ਪ੍ਰਭੂ ਪਰਮਾਤਮਾ ਦਾ ਪਸਾਰਾ ਹੈ॥੪॥

ਗਉੜੀ ਮਹਲਾ ੫ ॥
ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥ ਤੇਰੇ ਦਾਸ ਕਉ ਤੁਹੀ ਵਡਿਆਈ ॥ ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥ ਰੋਗ ਗਿਰਸਤ ਚਿਤਾਰੇ ਨਾਉ ॥ ਬਿਖੁ ਮਾਤੇ ਕਾ ਠਉਰ ਨ ਠਾਉ ॥੨॥ ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥ ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥ {ਪੰਨਾ 196}

ਭਾਵ ਅਰਥ:-
ਹੇ ਸੱਜਣੋ ! ਜੇ ਤੁਸੀਂ ਰਾਜ ਭਾਗ ਤੇ ਦੁਨਿਆਵੀ ਵਸਤਾਂ ਦਾ ਮਾਣ ਕਰੀ ਜਾਂਦੇ ਹੋ, ਨਾਲ ਹੀ ਪਰਮਾਤਮਾ ਦਾ ਨਾਮ ਜਪ ਕਰਦੇ ਹੋ ਤਾਂ ਉਹਦਾ ਕੋਈ ਲਾਭ ਨਹੀਂ
ਲਾਭ ਦੀ ਬਜਾਏ ਹਾਨੀ ਹੀ ਹੈ ਸੁੱਖਾਂ ਦੀ ਥਾਂ ਦੁੱਖ ਹੀ ਮਿਲਦੇ ਹਨ॥੧॥
ਹੇ ਪਾਰਬ੍ਰਹਮ ਪਰਮੇਸ਼ਰ ! ਆਪਣੇ ਦਾਸ ਦੀ ਯਸ਼ਮਾਨ ਵਡਿਆਈ ਦਾ ਕਾਰਨ ਤੇਰਾ ਨਾਮ ਜਪ ਹੀ ਹੈ। ਜੋ ਲੋਕ ਮਾਇਆ ਮੋਹ ਵਿੱਚ ਗੁਝੇ ਹੋਏ ਹਨ ਉਹਨਾਂ ਨੂੰ ਨਰਕ ਹੀ ਮਿਲਦਾ ਹੈ॥੧॥ ਰਹਾਉ॥
ਦੁੱਖਾਂ ਅਤੇ ਵਿਕਾਰਾਂ ਵਿੱਚ ਫਸਿਆ ਬੰਦਾ ਅੰਤ ਰੱਬ ਨੂੰ ਧਿਆਉਂਦਾ ਹੈ ਪਰ ਉਸ ਵੇਲੇ ਤੱਕ ਉਸਦੇ ਪਾਪ, ਉਸਦੇ ਸਿਰ ਦੇ ਉਪਰੋਂ ਦੀ ਲੰਘ ਚੁੱਕੇ ਹੁੰਦੇ ਹਨ, ਫਿਰ ਉਸ ਨੂੰ ਪਰਮਾਤਮਾ ਦੀ ਦਰਗਾਹ ਵਿੱਚ ਕੋਈ ਢੋਈ ਨਹੀਂ ਮਿਲਦੀ,॥੨॥
ਪਰਮਾਤਮਾ ਦੀ ਸਿਫਤ ਸਲਾਹ ਨਾਲ ਸੰਯਮ ਅਡੋਲਤਾ ਅਡਿੱਗਤਾ ਹਾਸਲ ਹੋਣ ਦੇ ਨਾਲ ਨਾਲ ਉਸ ਦੀ ਕਿਰਪਾ ਨਾਲ ਹਰ ਤਰ੍ਹਾਂ ਦੀਆਂ ਨਾਮ ਜਸ ਦੀਆਂ ਵਡਿਆਈਆਂ ਮਿਲਦੀਆਂ ਹਨ॥੩॥
ਹੇ ਨਾਨਕ ! ਉਸ ਪ੍ਰਭੂ ਪਰਮਾਤਮਾ ਨੂੰ ਸਦਾ ਸਦਾ ਸਿਮਰਨਾ ਕਰੋ ਜਿਸ ਦੀ ਸਿਮਰਨੀ ਨਾਲ ਤੁਸੀਂ ਉਸ, ਦਿਲਾਂ ਦੀਆਂ ਜਾਨਣ ਵਾਲੇ ਪ੍ਰਭੂ ਪਰਮਾਤਮਾ ਨੂੰ ਮਿਲ ਸਕਦੇ ਹੋ ॥੪॥
ਗਉੜੀ ਮਹਲਾ ੫ ॥ ਆਠ ਪਹਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥ ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥ ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥ ਅਨਿਕ ਬੰਧਨ ਤੋਰੇ ਨਹੀ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥ ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥ {ਪੰਨਾ 196}

ਭਾਵ ਅਰਥ:-
ਹੇ ਭਾਈ ! ਤੇਰੇ ਉੱਤੇ ਅੱਠੇ ਪਹਿਰ, 24 ਘੰਟੇ ਪੰਜੇ ਵਿਕਾਰਾਂ ਨੇ ਕਾਬੂ ਪਾ ਰੱਖਿਆ ਹੈ, ਭਾਵ ਪੱਲਾ ਪਾ ਰੱਖਿਆ ਹੁੰਦਾ ਹੈ । ਸੱਚਾ ਪ੍ਰਭੂ ਅਜਿਹੀਆਂ ਮਾੜੀਆਂ ਚੀਜ਼ਾਂ ਨੂੰ ਨੇੜੇ ਨਹੀਂ ਢੁਕਣ ਦਿੰਦਾ ,ਇਸ ਕਰਕੇ ਹਰੇਕ ਜੀਵ ਨੂੰ ਸਮਰੱਥਾ ਅਨੁਸਾਰ ਪ੍ਰਭੂ ਦਾ ਨਾਮ ਰਸ ਮਾਨਣਾ ਚਾਹੀਦਾ ਹੈ॥੧॥ ਰਹਾਉ॥
ਇਹ ਜਗਤ ਅੱਗ ਦਾ ਬਲਦਾ ਹੋਇਆ ਗੋਲਾ ਹੈ, ਪਰ ਪ੍ਰਭੂ ਪਰਮਾਤਮਾ ਦੀ ਕਿਰਪਾ ਹੋ ਜਾਵੇ ਤਾਂ ਮਨੁੱਖ ਇਸ ਤੋਂ ਪਲਾਂ ਵਿੱਚ ਪਾਰ ਉਤਾਰਾ ਕਰ ਲੈਂਦਾ ਹੈ। ਨਾਮ ਬਾਣੀ ਦਾ ਸਿਮਰਨ ਕਰਦੇ ਹੋਏ ਹਰ ਤਰ੍ਹਾਂ ਦੇ ਬੰਧਨ ਟੁੱਟ ਜਾਂਦੇ ਹਨ॥੨॥ ।੩।
ਪ੍ਰਭੂ ਦੀ ਕਿਰਪਾ ਤੋਂ ਬਿਨਾਂ ਕੋਈ ਜੀਵ ਉਤਮ ਚਿੰਤਨ ਵਾਲਾ ਨਹੀਂ ਹੈ। ਹੇ ਪ੍ਰਭੂ ਮੈਂ ਨਾਨਕ! ਆਪ ਜੀ ਅੱਗੇ ਅਰਦਾਸ ਬੇਨਤੀ ਕਰਦਾ ਹਾਂ, ਮੇਰੇ ਉੱਤੇ ਮਿਹਰ ਕਰ ਤਾਂ ਜੋ ਮੈਂ ਤੇਰੇ ਨਾਮ ਸਿਮਰਨ ਤੇ ਬਾਣੀ ਨਾਲ ਜੁੜ ਸਕਾਂ॥੪॥
ਗਉੜੀ ਮਹਲਾ ੫ ॥
ਥਾਤੀ ਪਾਈ ਹਰਿ ਕੋ ਨਾਮ ॥ ਬਿਚਰੁ ਸੰਸਾਰ ਪੂਰਨ ਸਭਿ ਕਾਮ ॥੧॥ ਵਡਭਾਗੀ ਹਰਿ ਕੀਰਤਨੁ ਗਾਈਐ ॥ ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥ ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥ ਭਵ ਸਾਗਰੁ ਚੜਿ ਉਤਰਹਿ ਪਾਰਿ ॥੨॥ ਸਾਧੂ ਸੰਗੁ ਕਰਹੁ ਸਭੁ ਕੋਇ ॥ ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥੩॥ ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥ ਨਾਨਕ ਦਰਗਹ ਪਾਈਐ ਮਾਨੁ ॥੪॥੮੪॥੧੫੩॥ {ਪੰਨਾ 196}

ਭਾਵ ਅਰਥ:-
ਹੇ ਸੱਚੇ ਪਾਤਸ਼ਾਹ ! ਮੈਂ ਤੇਰਾ ਨਾਮ ਸਿਮਰਨ ਕਰਕੇ, ਤੇਰੇ ਨਾਮ ਦਾ ਖਜ਼ਾਨਾ ਹਾਸਲ ਕਰ ਲਿਆ ਹੈ, ਜਿਸ ਨਾਲ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਮੇਰੇ ਸਾਰੇ ਕਾਰਜ ਰਾਸ ਆ ਗਏ ਹਨ॥੧॥
ਹੇ ਸਤਿ ਕਰਤਾਰ! ਤੇਰੀ ਦਇਆ ਦ੍ਰਿਸ਼ਟੀ ਹੋਈ ਹੈ , ਤਾਂ ਹੀ ਵੱਡੇ ਭਾਗਾਂ ਨਾਲ ਤੇਰਾ ਸ਼ਬਦ ਕੀਰਤਨ ਮੈਨੂੰ ਮਿਲ ਸਕਿਆ॥੧॥ ਰਹਾਉ॥
ਜਦੋਂ ਉਸ ਪ੍ਰਭੂ ਪਰਮਾਤਮਾ ਦੇ ਚਰਨ ਕਮਲਾਂ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਜਾਂਦਾ ਹੈ ਤਾਂ ਸੰਸਾਰ ਸਾਗਰ ਜੋ ਕਿ ਇਨਸਾਨੀ ਜੀਵਨ ਹੈ, ਉਸ ਤੋਂ ਆਸਾਨੀ ਨਾਲ ਪਾਰ ਉਤਰਿਆ ਜਾ ਸਕਦਾ ਹੈ॥੨॥
ਹੇ ਭਾਈ ਜਨੋਂ ! ਗੁਰੂ ਜਨਾਂ ਦੀ ਸੰਗਤ ਕਰੋ ਤਾਂ ਕਿ ਤੁਹਾਡੇ ਜੀਵਨ ਦਾ ਭਲਾ ਹੋ ਸਕੇ ਅਤੇ ਦੁੱਖ ਦਰਦ ਨੇੜੇ ਨਾ ਆਉਣ (ਭਾਵ ਇਹ ਹੈ ਕਿ ਸਾਧ ਸੰਗਤ ਨਾਲ ਬਾਣੀ ਸਿਮਰਨ ਕੀਤੀ ਜਾਂਦੀ ਹੈ ਅਤੇ ਇਹ ਸਿਮਰਨ ਬੰਦੇ ਨੂੰ ਪ੍ਰਭੂ ਪਰਮਾਤਮਾ ਦੇ ਦਰਬਾਰ ਤਾਈਂ ਲਿਜਾਣ ਵਿੱਚ ਅਤੇ ਪਰਮਾਤਮਾ ਨਾਲ ਮਿਲਾਉਣ ਵਿੱਚ ਸਹਾਈ ਹੁੰਦਾ ਹੈ)॥੩॥
ਹੇ ਜੀਵ! ਉਸ ਨਿਰੰਕਾਰ ਆਕਾਰ ਦੀ ਪ੍ਰੇਮਾ ਭਗਤੀ( ਜੋ ਕਿ ਗੁਣਾਂ ਦਾ ਖਜ਼ਾਨਾ ਹੈ) ਨੂੰ ਆਪਣੇ ਜੀਵਨ ਵਿੱਚ ਸਦਾ ਲਈ ਸ਼ਾਮਿਲ ਕਰ ਲੈ। ਦਾਸ ਨਾਨਕ ਫਰਮਾਉਂਦੇ ਹਨ ਕਿ ਇਸ ਤਰਾਂ ਤੈਨੂੰ ਉਸ ਉਚ ਅਪਰੰਪਾਰ ਪ੍ਰਭੂ ਦੀ ਦਰਗਾਹ ਵਿੱਚ ਥਾਂ ਮਿਲ ਜਾਏਗੀ॥੪॥

ਗਉੜੀ ਮਹਲਾ ੫ ॥
ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥ ਭ੍ਰਮ ਬਿਨਸੇ ਗਾਏ ਗੁਣ ਨੀਤ ॥੧॥ ਊਠਤ ਸੋਵਤ ਹਰਿ ਸੰਗਿ ਪਹਰੂਆ ॥ ਜਾ ਕੈ ਸਿਮਰਣਿ ਜਮ ਨਹੀ ਡਰੂਆ ॥੧॥ ਰਹਾਉ ॥ ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸੁ ॥੨॥ ਆਸਾ ਮਾਣੁ ਤਾਣੁ ਧਨੁ ਏਕ ॥ ਸਾਚੇ ਸਾਹ ਕੀ ਮਨ ਮਹਿ ਟੇਕ ॥੩॥ ਮਹਾ ਗਰੀਬ ਜਨ ਸਾਧ ਅਨਾਥ ॥ ਨਾਨਕ ਪ੍ਰਭਿ ਰਾਖੇ ਦੇ ਹਾਥ ॥੪॥੮੫॥੧੫੪॥ {ਪੰਨਾ 196-197}

ਭਾਵ ਅਰਥ:-
(ਹੇ ਸੱਜਣੋ) ਉਹ ਪਰਿਪੂਰਨ ਪਰਮਾਤਮਾ ਮੇਰਾ ਸੱਜਣ ਪ੍ਰੀਤਮ ਬੇਲੀ ਜਲ ਥਲ, ਹਰ ਥਾਂ ਤੇ ਪੂਰਨ ਤੌਰ ਤੇ ਵਿਆਪਤ ਹੈ। ਉਸ ਦੇ ਗੁਣ ਗਾਉਣ ਨਾਲ, ਭਜਨ ਬੰਦਗੀ ਕਰਨ ਨਾਲ ਹਰ ਤਰ੍ਹਾਂ ਦੇ ਭਰਮ ਭੁਲੇਖੇ ਦਿਲ ਚੋਂ ਨਿਕਲ ਗਏ ਹਨ॥੧॥
ਸੁੱਤਿਆਂ ਜਾਗਦਿਆਂ ਉਸ ਦਾ ਸਾਥ ਮੈਨੂੰ ਮਿਲਦਾ ਹੈ ਤੇ ਕਿਸੇ ਤਰ੍ਹਾਂ ਦਾ ਆਤਮਿਕ ਮੌਤੇ ਮਰਨ ਅਤੇ ਜਮਾਂ ਤੋਂ ਡਰ ਨਹੀਂ ਲੱਗਦਾ॥੧॥ ਰਹਾਉ॥
ਉਸ ਦੇ ਚਰਨ ਕਮਲਾਂ ਨੂੰ ਆਪਣੇ ਹਿਰਦੇ ਅੰਦਰ ਵਸਾ ਕੇ ਰੱਖਿਆਂ ਹਰ ਤਰਾਂ ਦੇ ਦੁੱਖਾਂ ਦਰਦਾਂ ਦਾ ਨਿਵਾਰਨ ਹੋ ਜਾਂਦਾ ਹੈ॥੨॥
ਹੇ ਮਨੁੱਖ ! ਜਦੋਂ ਤੂੰ ਉਸ ਇੱਕ ਪ੍ਰਭੂ ਨੂੰ ਆਪਣੇ ਹਿਰਦੇ ਅੰਦਰ ਵਸਾ ਲਏਂਗਾ ਤਾਂ ਤੇਰੀਆਂ ਸਾਰੀਆਂ ਸ਼ੁਭ ਇੱਛਾਵਾਂ ਮਾਣ ਤਾਨ ਧਨ ਤੈਨੂੰ ਹਾਸਲ ਹੋ ਜਾਣਗੇ॥੩॥
ਹੇ ਨਾਨਕ! ਬਹੁਤ ਹੀ ਗਰੀਬੜਿਆਂ ਨੂੰ, ਅਨਾਥਾਂ ਨੂੰ ਉਹ ਦਿਆਲੂ ਪ੍ਰਭੂ ਆਪ ਹੱਥ ਦੇ ਕੇ(ਭਾਵ ਆਪਣੀ ਟੇਕ ਦੇ ਕੇ) ਰੱਖਦਾ ਹੈ॥੪॥



ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894


Imperial Spice
Resturant Bar & Banquet Hall
Vibrant flavors of
North and South Indian cuisine.
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376